# ਰੰਗ ਤ੍ਰੰਗ

ਪ੍ਰੋਫੈਸਰ ਗੰਗਾ ਸਿੰਘ ਜੀ ਦਾ 'ਰੰਗ-ਤ੍ਰੰਗ' ਸੱਚ ਮੁੱਚ ਇਕ ਪਵਿੱਤ੍ਰ ਦਰਿਆ ਦੀ ਜਲ ਧਾਰਾ ਹੈ, ਇਸ ਵਿਚ ਜੋਸ਼ ਇਕ ਮਹਾਨ ਦਰਿਆ ਵਰਗਾ ਹੈ, ਪਰ ਪਾਣੀ ਠੰਢਾ, ਨਿਰਮਲ ਤੇ ਅਕਾਸ਼ੀ ਸੁਰਾਂ ਵਾਲਾ ਹੈ। ਇਸ਼ਕ ਦੀ ਬੋਲੀ ਵਿਚ ਸ਼ਾਂਤੀ ਵਾਲੇ ਪ੍ਰੇਮ ਦੀਆਂ ਰਮਜ਼ਾਂ ਹਨ।

ਪ੍ਰੋਫੈਸਰ ਤੇਜਾ ਸਿੰਘ ਐਮ. ਏ.

ਗੰਗਾ ਸਿੰਘ

Original with:
Language Department Punjab
Digitized by:
Panjab Digital Library

| Issued on | Borrower's Signature | Returned on |
|---|---|---|
| | | |
| | | |
| | | |
| | | |
| | | |
| | | |
| | | |
| | | |
| | | |
| | | |
| | | |
| | | |

LANGUAGE DEPARTMENT
LIBRARY, PUNJAB.

1. Books are issued for............days only.
2. Books may be renewed on request at the discretion of the Librarian.
3. Dog-earing the pages of a book, marking or writing therein with ink or pencil, tearing or taking out its pages or otherwise damaging it will constitute an injury to a book.

4. *Any such injury to a book is a serious offence. Unless a borrower points out the injury at the time of borrowing the book, he shall be required to replace the book or pay its price.*

**Help to keep the book fresh and clean.**

*Original with:*
Language Department Punjab
*Digitized by:*
Panjab Digital Library

Original with:
Language Department Punjab
Digitized by:
Panjab Digital Library

262—3-4-61—30,000—C. P andS. Pb. Patiala.

LANGUAGE DEPARTMENT

LIBRARY ACC. No. ______ PUNJAB.

Date Due

| Date of Issue | Date of Return | Date of Issue | Date of Return |
| --- | --- | --- | --- |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |

*Original with:*
Language Department Punjab
*Digitized by:*
Panjab Digital Library

# ਰੰਗ ਤ੍ਰੰਗ

ਪ੍ਰਿੰਸੀਪਲ ਗੰਗਾ ਸਿੰਘ

DEPARTMENT OF LANGUAGES
LIBRARY
PUNJAB, PATIALA

ਸਿੱਖ ਸਾਹਿਤ ਲਾਇਬ੍ਰੇਰੀ
ਅੰਮ੍ਰਿਤਸਰ।

Original with:
Language Department Punjab
Digitized by:
Panjab Digital Library

*Publisher* :—

***Ganga Singh,***
***Principal, Shahid Sikh Missionary College,***
***AMRITSAR.***

29 G
821

***First Edition June 1944.***

*Price Re* **1|8|-**

*Printer* :-
**Bhai Gurkirat Singh Manager The Minerva Press, Chil Mandi, Amritsar.**

The Paper for this book was supplied at control rate by L. Bansi Dhar Kapur and Sons, Paper Merchants, Amritsar.

*Original with:*
Language Department Punjab
*Digitized by:*
Panjab Digital Library

# ਕੀ ਕਿੱਥੇ ਹੈ ?


| | | |
|---|---|---|
| ੧. | ਮਾਲਕ | ੧ |
| ੨. | ਤਾਂਘ | ੨ |
| ੩. | ਅਰਦਾਸ | ੩ |
| ੪. | ਕਵੀ | ੪ |
| ੫. | ਕਵਿਤਾ | ੪ |
| ੬. | ਪਛਤਾਵਾ | ੫ |
| ੭. | ਦਿਲ ਦਾ ਦਰਦ | ੬ |
| ੮. | ਧੋਖਾ | ੬ |
| ੯. | ਮਾਇਆ ਛਲ | ੭ |
| ੧੦. | ਸ਼ਿੰਗਾਰ ਸ਼ੋਰ | ੭ |
| ੧੧. | ਧੁਰੋਂ ਲੱਗੀਆਂ | ੮ |
| ੧੨. | ਮਾਇਆ ਮੁਰਦਾਰ | ੯ |
| ੧੩. | ਟੁਰੇ ਜਾਓ | ੧੦ |
| ੧੪. | ਕਲਮ | ੧੦ |
| ੧੫. | ਤੇਰੀ ਬੰਸੀ | ੧੧ |
| ੧੬. | ਅੰਧਲੇ ਕੀ ਟੇਕ | ੧੧ |
| ੧੭. | ਨੁਕਤੇ ਦਾ ਫੇਰ | ੧੨ |
| ੧੮. | ਵਸੋਂ ਤੁਸਾਹੀ | ੧੨ |
| ੧੯. | ਮੈਂ | ੧੩ |
| ੨੦. | ਆਸਰਾ | ੧੪ |
| ੨੧. | ਪਿਤਾ ਦੀ ਝਿੜਕੀ | ੧੪ |
| ੨੨. | ਸੌਂਪਣਾ | ੧੫ |
| ੨੩. | ਡੋਰ | ੧੬ |



*Original with:*
Language Department Punjab
*Digitized by:*
Panjab Digital Library

| | | |
|---|---|---|
| ੨੪. | ਆਪੇ ਫਾਥੀ | ੧੭ |
| ੨੫. | ਬਾਹਰ ਭੇਖ | ੧੮ |
| ੨੬. | ਦੋਸੀ ਦੋਸ ਧਰੇ | ੧੯ |
| ੨੭. | ਚਰਨ ਛੋਹ | ੧੯ |
| ੨੮. | ਮੇਹਰ ਪੀਆ ਦੀ | ੨੦ |
| ੨੯. | ਅਮਰ ਪ੍ਰੀਤ | ੨੧ |
| ੩੦. | ਰਹਿਮਤ | ੨੨ |
| ੩੧. | ੧੯੩੦ ਦਾ ਚੜਵਿਕ ਫਾਲ | ੨੩ |
| ੩੨. | ਚੜਵਿਕ ਫਾਲ ਦਾ ਦੂਜਾ ਨਜ਼ਾਰਾ | ੨੪ |
| ੩੩. | ਇਨਕਾਰ | ੨੫ |
| ੩੪. | ਨਿੰਮ੍ਰਤਾ | ੨੫ |
| ੩੫. | ਸਾਧੂ-ਹਿਰਦਾ | ੨੬ |
| ੩੬. | ਦੁਖ-ਦਾਰੂ | ੨੬ |
| ੩੭. | ਅਸਚਰਜ | ੨੭ |
| ੩੮. | ਅੰਤ ਭਲਾ | ੨੭ |
| ੩੯. | ਅਰਸ਼ੀ ਪੀਂਘ | ੨੮ |
| ੪੦. | ਬਾਣੀ ਦਾ ਪਾਣੀ | ੨੮ |
| ੪੧. | ਪ੍ਰੀਤ-ਗੀਤ | ੨੯ |
| ੪੨. | ਮਾਹੀ ਦਾ ਰਾਹੀ | ੨੯ |
| ੪੩. | ਧੰਨ ਦਾਤਾ | ੩੦ |
| ੪੪. | ਰਸ ਦਾ ਮੁਲ | ੩੦ |
| ੪੫. | ਦਿਲ ਦਾ ਕਾਬਾ | ੩੧ |
| ੪੬. | ਭਲੇ | ੩੧ |
| ੪੭. | ਸਿੱਕ | ੩੨ |
| ੪੮. | ਵਿਓਗਿਣ | ੩੨ |
| ੪੯. | ਆਪਾ ਗਵਾਉਨ | ੩੩ |


*Original with:*
Language Department Punjab
*Digitized by:*
Panjab Digital Library

| | | |
|---|---|---|
| ੫੦. | ਸੰਗਤ ਮਿਲ ਬੈਠਣਾ | ੩੩ |
| ੫੧. | ਇਕ ਦਿਲ | ੩੪ |
| ੫੨. | ਰਾਮ ਬਿਓਗੀ | ੩੪ |
| ੫੩. | ਗੈਰਾਂ ਦੀ ਮੁਹਤਾਜੀ | ੩੫ |
| ੫੪. | ਪ੍ਰੀਤ ਰੀਤ ਫਾਹੀ | ੩੫ |
| ੫੫. | ਕਾਲਾ ਭੌਰ | ੩੬ |
| ੫੬. | ਊਚੇ ਨੂੰ ਫਲ ਨਾਹੀਂ | ੩੬ |
| ੫੭. | ਗੁਟ ਮਹਾਂ ਰਸ ਭਰਿਆ | ੩੭ |
| ੫੮. | ਦਿਲ ਦੀ ਲਾਹਿ ਭਰਾਂਦਿ | ੩੭ |
| ੫੯. | ਅਮਿਟ ਤਾਂਘ | ੩੮ |
| ੬੦. | ਵਡ ਮੁੱਲੀ ਰਾਸ | ੩੯ |
| ੬੧. | ਐਬ-ਪੋਸ਼ ਖਾਕ | ੩੯ |
| ੬੨. | ਦੂਜਾ ਸਾਵਣ | ੪੦ |
| ੬੩. | ਖਾਲੀ ਤੇ ਭਰਿਆ | ੪੧ |
| ੬੪. | ਸੁਖਨ ਸੂਰਾ | ੪੨ |
| ੬੫. | ਸਾਊ ਨੂੰ ਸਲਾਹ | ੪੨ |
| ੬੬. | ਮਿਹਰਾਮਤ | ੪੩ |
| ੬੭. | ਮਾੜੀ ਕੌਮਾਂ | ੪੩ |
| ੬੮. | ਨਿਸ਼ਫਲ ਯਤਨ | ੪੪ |
| ੬੯. | ਮਨੁਖ ਨੂੰ | ੪੫ |
| ੭੦. | ਭਰਮੀ ਬਾਹਮਣ | ੪੬ |
| ੭੧. | ਭੋਲਾ ਜੋਗੀ | ੪੭ |
| ੭੨. | ਟੁੱਟਾ ਭੂੰਨਾ | ੪੮ |
| ੭੩. | ਪਰਮਾਰਥ ਦਾ ਸ਼ਾਹ | ੪੯ |
| ੭੪. | ਪ੍ਰਚਾਰਕ ਦਾ ਦਿਲ | ੫੦ |
| ੭੫. | ਲੋੜਵੰਦੇ ਖੋਪੇ | ੫੧ |


*Original with:*
Language Department Punjab
*Digitized by:*
Panjab Digital Library

੭੬. ਬ੍ਰਿਹੋਂ ਸਲ ੫੨
੭੭. ਕੱਚੀਆ ਤ ਪੱਕੀਆਂ ਅੱਖਾਂ ੫੩
੭੮. ਛੋਹ ੫੪
੭੯. ਸਿਦਕ ਦਾ ਫਲ ੫੫
੮੦. ਬੰਦਾ ਡਾਢਾ ੫੬
੮੧. ਕਲਮ ਦੀ ਬੇਬਸੀ ੫੭
੮੨. ਨਵਾਂ ਸਮਾਜ ੫੮
੮੩. ਬੁਲਬੁਲ ਤੇ ਸਯਾਦ ੫੯
੮੪. ਗ਼ੁਲਾਮ ਦੇਸ ਦੇ ਬੱਚੇ ੬੦
੮੫. ਖੁਸ਼ਾਮਦ ੬੧
੮੬. ਬਸੰਤ ੬੨
੮੭. ਦੂਜਾ ਰੂਪ ੬੩
੮੮. ਮੈਂ ਤੇ ਮਾਹੀ ੬੪
੮੯. ਪਰਮ ਤੇਜ ੬੫
੯੦. ਅਸਲੀ ਗੀਤ ੬੫
੯੧. ਪੁਛ ਤੇ ਉੱਤਰ ੬੬
੯੨. ਸਿੰਘ ਨੂੰ ਸਲਾਹ ੬੭
੯੩. ਮਸਤ ਦਰਵੇਸ਼ ੬੮
੯੪. ਜੀਵਨ ੬੮
੯੫. ਬਰਹਿਣੀ ਦਾ ਸਾਵਣ ੬੯
੯੬. ਨਕਲੀ ਭਗਤ ੭੦
੯੭. ਆਵਾ ਗਵਨ ੭੧
੯੮. ਸਾਵਣ ੭੨
੯੯. ਪਨ ਟ ੭੨
੧੦੦. ਕਰੋਪੀ ੭੩
੧੦੧. ਗੋਲਾ ੭੪


*Original with:*
Language Department Punjab
*Digitized by:*
Panjab Digital Library

१०२. ਸਸਤਾ ७४
१०३. ਸਾਡੇ ਸਾਧੂ ७५
१०४. ਬੇ-ਇਨਸਾਫ਼ੀ ७६
१०५. ਇਨਕਲਾਬ ७७
१०६. ਮਹਾਂ ਯੁੱਧ ७८
१०७. ਮਰਦ ਤੇ ਔਰਤ ७९
१०८. ਚਤਰ ਗਾਫ਼ਲ ८०
१०९. ਕਰਜ਼ਨ ਫ਼ੈਸ਼ਨ ८१
११०. ਰਮਜ਼ ८२
१११. ਵਿਤਕਰੇ ८४
११२. ਮੈਂ ਤੇ ਰੇਡੀਓ ८५
११३. ਸ਼ੂਮ-ਸ਼ਾਹੂਕਾਰ ८६
११४. ਗੋਬਿੰਦ ਘਾਟ ८७
११५. ਪੁਜਾਰੀ ८८
११६. ਪ੍ਰਭੂ ८८
११७, ਭੰਵਰੇ ਤੇ ਕਲੀ ८९
११८. ਅਚੰਭਾ ९०
११९. ਪਟਨਾ ९१
१२०. ਨਾ ਡਰ ९१
१२१. ਅੰਦਰ ਝਾਤ ९२
१२२. ਅਸਾਜ ९२
१२३. ਨਿਹੰਗ ९३
१२४. ਗੋਸੇ ਦਾ ਗੋਲਾ ९४
१२५. ਪ੍ਰੀਤ ਦੇ ਰਾਹ ९५
१२६. ਮਾਲਕ ਨੂੰ ९५
१२७. ਅਗੰਮੀ ਭੇਦ ९६


Original with:
Language Department Punjab
Digitized by:
Panjab Digital Library

| | | |
|---|---|---|
| ੧੨੮. | ਪਤਾਸੇ ਨਾਲ ਖੰਡਾ | ੯੭ |
| ੧੨੯. | ਮੌਲਾ ਦੀ ਮਿਹਰ | ੯੮ |
| ੧੩੦. | ਮੰਗ | ੯੮ |
| ੧੩੧. | ਰੂਪ ਦੇ ਸੌਦੇ | ੯੮ |
| ੧੩੨. | ਸੌਦਾ | ੧੦੦ |
| ੧੩੩. | ਝੂਠ | ੧੦੦ |

**ਜ਼ਰੂਰੀ ਨੋਟ:–**

'ਪ੍ਰੀਤ-ਰੀਤ' ਸਫ਼ਾ ੨੯ ਅਤੇ 'ਪ੍ਰੀਤ ਰੀਤ ਦੀ ਫਾਹੀ' ਸਫ਼ਾ ੩੫ ਤੇ ਇੱਕੋ ਰੁਬਾਈ ਗਲਤੀ ਨਾਲ ਦੋ ਵੇਰ ਛਪ ਗਈ ਹੈ। ਪਾਠਕ ਨੋਟ ਕਰ ਲੈਣ।

*Original with:*
Language Department Punjab
*Digitized by:*
Panjab Digital Library

ਪੂਰਨ ਕਵੀ ਦੀ ਯਾਦ ਵਿਚ

*Original with:*
Language Department Punjab
*Digitized by:*
Panjab Digital Library

*Original with:*
Language Department Punjab
*Digitized by:*
Panjab Digital Library

# ਮੁਖ-ਬੰਦ

ਇਹ ਪੋ: ਗੰਗਾ ਸਿੰਘ ਜੀ ਦਾ 'ਗੰਗ-ਤ੍ਰੰਗ' ਸੱਚ ਮੁੱਚ ਇਕ ਪਵਿੱਤਰ ਦਰਿਆ ਦੀ ਜਲ-ਧਾਰਾ ਹੈ। ਇਸ ਵਿਚ ਜੋਸ਼ ਇਕ ਮਹਾਨ ਦਰਿਆ ਵਰਗਾ ਹੈ, ਪਰ ਪਾਣੀ ਠੰਢਾ, ਨਿਰਮਲ ਤੇ ਅਕਾਸ਼ੀ ਸੁਰਾਂ ਵਾਲਾ ਹੈ। ਇਸ਼ਕ ਦੀ ਬੋਲੀ ਵਿਚ ਸ਼ਾਂਤੀ ਵਾਲੇ ਪ੍ਰੇਮ ਦੀਆਂ ਰਮਜ਼ਾਂ ਭਰੀਆਂ ਹਨ।

ਹਰ ਇਕ ਰੁਬਾਈ ਠਾਠਾਂ ਮਾਰਦੇ ਸਾਗਰ ਦੀ ਲਹਿਰ ਵਰਗੀ ਹੈ, ਜਾਂ ਇਉਂ ਕਹੋ ਕੁਜੇ ਵਿਚ ਸਮੁੰਦਰ ਭਰਿਆ ਹੁੰਦਾ ਹੈ। ਇਹੋ ਜਿਹੀਆਂ ਰੁਬਾਈਆਂ ਪੰਜਾਬੀ ਬੋਲੀ ਵਿਚ ਸਦਾ ਗੂੰਜਦੀਆਂ ਰਹਿਣਗੀਆਂ:–

"ਨਿਰਗੁਣਹਾਰ ਕੁਚੱਜੀ ਕੋਝੀ,
ਸੁਣ ਮੇਰੇ ਬਾਂਕੇ ਸਾਂਈ।
ਜਿਉਂ ਛਾਵੇਂ ਪਛਾਵੇਂ ਛੁਪਦੇ,
ਤਿਉਂ ਮੇਰੇ ਐਬ ਛਪਾਈਂ।
ਕਾਲੇ ਦਾਗ਼ ਜਿਵੇਂ ਵਿਚ ਚੰਨੇ,
ਜਿਉਂ ਬੇੜੀ ਵਿਚ ਲੋਹਾ
ਲੜ ਤੇਰੇ ਹਾਂ ਲੱਗੀ ਸਾਜਣ,
ਲੱਗੀਆਂ ਤੋੜ ਨਿਬਾਹੀਂ।"

"ਜੇ ਦਿਲ ਨੂੰ ਦਿਲ ਕੀਤਾ ਲੋੜੇਂ,
ਦਿਲਬਰ ਦੇ ਦਰ ਢਹਿ ਤੂੰ।
ਮਿਹਰ ਮਾਹੀ ਦੀ ਜੇਕਰ ਮੰਗੇਂ,
ਮਾਨ ਮਹੱਤ ਛੱਡ ਰਹਿ ਤੂੰ।

*Original with:*
Language Department Punjab
*Digitized by:*
Panjab Digital Library

ਕੀ ਮੰਦਰ ਕੀ ਮਸਜਿਦ ਅੰਦਰ,
ਕੀ ਕਾਂਸ਼ੀ ਕੀ ਕਾਅਬਾ ।
ਜਿਥੇ ਵੀ ਬਣ ਆਇ ਬੈਠ,
ਪਰ ਤਾਂਘ ਸੱਜਣ ਵਿਚ ਬਹਿ ਤੂੰ ।

ਕਵੀ ਜੋ ਕੁਝ ਲਿਖਦਾ ਹੈ ਸੂਫਿਆਨਾ ਮਸਤੀ ਵਿਚ ਆ ਕੇ ਲਿਖਦਾ ਹੈ । ਕਈ ਵੇਰ ਆਪਣੀ ਰਚਨਾ ਦੇ ਸਰੂਰ ਵਿਚ ਇਤਨਾ ਮਸਤ ਹੋ ਜਾਂਦਾ ਹੈ ਕਿ ਇਕੋ ਰੁਬਾਈ ਨੂੰ ਮੁੜ ਮੁੜ ਪਿਆ ਦੁਹਰਾਂਦਾ ਹੈ। ਦੇਖੋ ਪੰਨਾ ੨੯ ਦੀ 'ਪ੍ਰੀਤ-ਰੀਤ' ਪੰਨਾ ੩੫ ਉਤੇ ਦੁਹਰਾਈ ਹੈ, ਅਤੇ ਪੰਨਾ ੪੩ ਦੀ 'ਮਿਹਰਾਮਤ' ਪੰਨਾ ੯੮ ਉਤੇ ਕੁਝ ਘੱਟ ਵੱਧ ਕਰਕੇ ਮੁੜ ਦੇ ਦਿੱਤੀ ਹੈ। ਸ਼ਾਇਦ ਗੁਰੂ ਤੇ ਭਗਤ ਲੋਕ ਵੀ ਇਸੇ ਲੋਰ ਵਿਚ ਆ ਕੇ ਆਪਣੀਆਂ ਤੁਕਾਂ ਕਈ ਵੇਰ ਦੁਹਰਾ ਜਾਂਦੇ ਸਨ ।

ਕਈਆਂ ਰੁਬਾਈਆਂ ਵਿਚ ਟੈਗੋਰ, ਉਮਰ ਖਿਆਮ ਤੇ ਭਾਈ ਵੀਰ ਸਿੰਘ ਦੇ ਖਿਆਲ ਆਏ ਹਨ । ਕਈਆਂ ਥਾਵਾਂ ਤੇ ਸਾਇੰਸ ਦੇ ਵਾਕਿਆਤ ਨੂੰ ਆਪਣੀ ਕਵਿਤਾ ਵਿਚ ਰੰਗਿਆ ਹੈ, ਜਿਵੇਂ ਪੰਨਾ ੩੫ ਉਤੇ ਚੰਨ ਦੀ ਮਾਂਗਵੀਂ ਚਾਨਣੀ ਦਾ ਖਿਆਲ ਲੈ ਕੇ ਪ੍ਰਾਧੀਨਤਾ ਦਾ ਨਕਸ਼ਾ ਖਿਚਿਆ ਹੈ, ਪੰਨਾ ੭੭ ਉਤੇ ਭੁਚਾਲ ਦਾ ਖਿਆਲ ਲੈ ਕੇ ਮਨੁਖੀ ਸਮਾਜ ਵਿਚ 'ਇਨਕਲਾਬ' ਦਾ ਆਉਣਾ ਜ਼ਰੂਰੀ ਦੱਸਿਆ ਹੈ, ਅਤੇ ਪੰਨਾ ੭੯ ਉਤੇ ਹਨੇਰੀ ਦਾ ਵਗਿਆਨਕ ਕਾਰਨ ਦੱਸਕੇ ਕੌਮਾਂ ਦੇ ਵਿਚਕਾਰ ਯੁੱਧ ਮੱਚ ਪੈਣ ਨੂੰ ਕੁਦਰਤੀ ਹਾਦਸਾ ਦੱਸਿਆ ਹੈ ।

ਰੁਬਾਈਆਂ ਭਾਵੇਂ ਵਿਕਲੋਤ੍ਰੀਆਂ ਹਨ, ਪਰ ਉਨ੍ਹਾਂ ਨੂੰ ਰਲਾ ਕੇ ਪੜ੍ਹਨ ਨਾਲ ਕਵੀ ਦਾ ਆਪਣੇ ਖਿਆਲ ਇਕ ਬਝਵੇਂ ਸੂਤ ਵਿਚ ਪ੍ਰੋਏ ਦਿਸ ਪੈਂਦੇ ਹਨ । ਕਵੀ ਇਕ ਨਵਾਂ

Original with:
Language Department Punjab
Digitized by:
Panjab Digital Library

ਸਮਾਜ ਰਚਣਾ ਚਾਹੁੰਦਾ ਹੈ, ਜਿਸ ਵਿਚ ਨਾ ਤਾਂ ਬੁਢਿਆਂ ਵਾਲੀ ਪੁਰਾਤਨਤਾ ਹੋਵੇ ਤੇ ਨਾ ਨਢਿਆਂ ਵਾਲੀ ਚਮੜੀ ਦਮੜੀ ਦੀ ਗਾਹਕੀ ( ਪੰ, ਪ੮ ) ਇਕ ਨੂੰ ਸਮਝਾਂਦਾ ਹੈ ਕਿ ਤੂੰ ਰਸਮਾਂ ਰਿਵਾਜਾਂ ਦੀ ਗੰਢ ਨੂੰ ਢਿਲਿਆਂ ਕਰ, ਤੇ ਦੂਜੇ ਨੂੰ ਕਹਿੰਦਾ ਹੈ ਕਿ ਨਿਰੇ ਰੂਪ ਰੰਗ, ਚਾਵਾ ਸੱਧਰਾਂ ਨੂੰ ਛੱਡ ਕੇ ਮਨੁਖਤਾ ਵਿਚ ਦਿਲ ਲਾ ਸਮਾਜ ਨੂੰ ਇਕ ਪਾਸਿਓਂ ਮੁੱਲਾਂ ਤੇ ਭਾਈਆਂ ਨੇ ਮਾਇਆ ਦੀ ਰੰਗਣ ਚਾੜ੍ਹੀ ਹੋਈ ਹੈ (ਪੰ: ੬੭' ੬੮ ) ਅਤੇ ਅੰਧ-ਭਗਤੀ ਦੇ ਮਤ-ਹੀਨ ਚਾਟੜਿਆਂ ਦੇ ਸਾਮ੍ਹਣੇ ਦੰਭ ਖਿਲਾਰ ੨ ਕੇ ਆਪਣਾ ਉਲੂ ਸਿਧਾ ਕਰਦੇ ਹਨ ( ਪੰ: ੭੦ ), ਜਿਸ ਨਾਲ ਧਰਮ ਦੀ ਗਿਲਾਨੀ ਵਧਦੀ ਹੈ। ਦੂਜੇ ਪਾਸੇ ਕਿਰਤੀ ਧੜੇ ਨੇ ਲੋਕਾਂ ਨੂੰ ਗੁਲਾਮੀ ਤੋਂ ਬਚਾਣ ਲਈ ਭਗਤੀ ਤੋਂ ਹੀ ਹੋੜਨਾ ਸ਼ੁਰੂ ਕੀਤਾ ਹੋਇਆ ਹੈ। ਇਸ ਦਾ ਇਲਾਜ ਉਹੋ ਪੁਰਾਣੀ ਵਰਤੋਂ ਦੱਸੀ ਹੈ ਕਿ ਦਸਾਂ ਨਹੁੰਆਂ ਦੀ ਕਮਾਈ ਕਰ ਕੇ ਵੰਡ ਛਕਣਾ ਤੇ ਸਾਈਂ ਦਾ ਨਾਮ ਜਪਣਾ ( ਪੰ: ੬੭ )। ਕਵੀ ਗੁਲਾਮੀ ਨੂੰ ਦੂਰ ਕਰਨਾ ਚਾਹੁੰਦਾ ਹੈ,ਪਰ ਗੁਲਾਮੀ ਤਦ ਤਕ ਦੂਰ ਨਹੀਂ ਹੋ ਸਕਦੀ ਜਦ ਤਕ ਲੋਕਾਂ ਦੀ ਰੋਟੀ ਦਾ ਪਬੰਧ ਨਹੀਂ ਕੀਤਾ ਜਾਂਦਾ ( ਪੰ: ੭੫ ), ਅਤੇ ਸਮਾਜ ਵਿਚੋਂ ਕਾਣੀ ਵੰਡ ਨਹੀਂ ਦੂਰ ਕੀਤੀ ਜਾਂਦੀ (ਪੰਨਾ ੭੬ ), ਜੇ ਲੋਕ ਭੁਖੇ ਰਹੇ ਤੇ ਵਕਤ ਸਿਰ ਕੋਈ ਬਾਨ੍ਹਣੂ ਨਾ ਬਧਾ ਗਿਆ ਤਾਂ 'ਇਨਕਲਾਬ' ਦਾ ਆਉਣਾ ਜ਼ਰੂਰੀ ਹੈ।

ਕਵੀ ਆਜ਼ਾਦੀ ਦੇ ਹਕ ਵਿਚ ਹੈ, ਪਰ ਇਨਕਲਾਬੀ ਆਜ਼ਾਦੀ ਦੇ ਹਕ ਵਿਚ ਨਹੀਂ, ਜਿਸਦੇ ਪਿਛੇ ਲੱਗ ਕੇ ਲੋਕੀ ਇਖਲਾਕੀ ਮਰਯਾਂਦਾ ਦੀ ਡੋਰੀ ਹਥੋਂ ਛੱਡ ਕੇ ਸੁਤੰਤਤਰ ਹੋਣਾ ਚਾਹੁੰਦੇ ਹਨ (ਪੰ: ੧੬, ੯੯ ), ਇਹ ਆਜ਼ਾਦੀ ਨਹੀਂ ਬਰਬਾਦੀ ਹੈ ।

*Original with:*
Language Department Punjab
*Digitized by:*
Panjab Digital Library

ਕਵੀ ਲੈਕਚਰਾਰ ਹੈ, ਇਸ ਲਈ ਖਤਰਾ ਸੀ ਕਿ ਆਪਣੀ ਕਵਿਤਾ ਵਿਚ ਵੀ ਲੰਮੇ ਲੰਮੇ ਵਾਅਜ਼ ਛੇੜ ਬਹਿੰਦਾ। ਪਰ ਰੁਬਾਈ ਦੇ ਤੰਗ ਮੈਦਾਨ ਨੇ ਵਾਗਾਂ ਖੁਲ੍ਹੀਆਂ ਨਹੀਂ ਹੋਣ ਦਿੱਤੀਆਂ, ਇਸ ਲਈ ਬੋਲੀ ਤੇ ਖਿਆਲ ਸੰਕੁਚਵੇਂ ਹੀ ਰਹੇ ਹਨ।

ਖਾਲਸਾ ਕਾਲਜ, ਅੰਮ੍ਰਿਤਸਰ
ਪ ਜੂਨ, ੧੯੪੪

ਤੇਜਾ ਸਿੰਘ

*Original with:*
Language Department Punjab
*Digitized by:*
Panjab Digital Library

# ਇਕ ਗੱਲ

ਮੇਰੇ ਮਸਰੂਫ-ਜੀਵਨ ਦੀ ਭੱਜ ਦੌੜ ਵਿਚ ਜੇ ਮੈਨੂੰ ਕਦੀ ਸਾਹ ਕੱਢਣ ਦਾ ਮੌਕਾ ਮਿਲਿਆ, ਤਾਂ ਉਸ ਵਿਚ ਅੰਕਤ ਕੀਤੀਆਂ ਸਤਰਾਂ ਇਹ ਰੁਬਾਈਆਂ ਹਨ । ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਘੋੜੀਆਂ ਦੀਆਂ ਪਿੱਠਾਂ ਬੰਬੂਕਾਟ ਤੇ ਲਾਰੀਆਂ ਦੀਆਂ ਸੀਟਾਂ ਤੇ ਭੱਜੀ ਜਾਂਦੀ ਰੇਲ ਦੀਆਂ ਬਾਰੀਆਂ ਵਿਚ ਬਹਿਕੇ ਕਦੀ ਕਿਸੇ ਪੁਰਾਣੀ ਚਿੱਠੀ ਦੇ ਪਾੜੇ ਹੋਏ ਲਫਾਫੇ ਦੀ ਅੰਦਰਲੀ ਸਤਾ ਤੇ ਬਹੁਤ ਵਾਰੀ ਮੰਗਵੇਂ ਕਾਗਜ਼ ਤੇ ਕਦੀ ਕਲਮ ਕਦੀ ਪਿਨਸਲ ਤੇ ਕਦੀ ਡਰਾਇੰਗ ਵਾਲੇ ਰੰਗਾਂ ਦੇ ਟੁਕੜੇ ਨਾਲ ਹੀ ਲਿਖੀਆਂ ਗਈਆਂ ਹਨ । ਮੈਨੂੰ ਅਪਣੀ ਲਿਖਤ ਇਕ ਵੇਰ ਲਿਖ ਕੇ ਜੀਵਨ ਵਿਚ ਦਬਾਰਾ ਪੜ੍ਹਨ ਦਾ ਮੌਕਾ ਕਦੀ ਮਿਲਿਆ ਹੀ ਨਹੀਂ । ਪਹਿਲਾਂ ਕੁਝ ਰੁਬਾਈਆਂ ਅੰਮ੍ਰਿਤ ਵਿਚ ਨਿਕਲ ਚੁਕੀਆਂ ਹਨ ਉਨ੍ਹਾਂ ਵਿਚ ਕੁਝ ਹੋਰ ਅਣਛਪੀਆਂ ਮਿਲਾਕੇ ਮੇਰੇ ਅਜ਼ੀਜ਼ ਸਾਥੀ ਪ੍ਰੋ: ਪਿਆਰਾ ਸਿੰਘ ਜੀ 'ਪਦਮ ਨੇ ਇਹ ਪੁਸਤਕ ਤਿਆਰ ਕੀਤੀ ਹੈ । ਇਸ ਖੇਚਲ ਲਈ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ । ਕੁਝ ਕੁ ਰੁਬਾਈਆਂ ਪੁਰਾਣੇ ਕਵੀਆਂ ਦਾ ਅਨੁਵਾਦ ਵੀ ਹੈ ਅਪਣੇ ਵਲੋਂ ਸਭ ਦੇ ਨਾਮ ਹੇਠ ਦੇਣ ਦਾ ਯਤਨ ਕੀਤਾ ਗਿਆ ਹੈ, ਜੇ ਕੋਈ ਰਹਿ ਗਿਆ ਹੋਵੇ ਤਾਂ ਖਿਮਾਂ ਦਾ ਜਾਚਕ ਹਾਂ ।

ਗੰਗਾ ਸਿੰਘ
ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ

*Original with:*
Language Department Punjab
*Digitized by:*
Panjab Digital Library

Original with:
Language Department Punjab
Digitized by:
Panjab Digital Library

# ਮਾਲਕ

ਹਰ ਅੱਖ ਦੇ ਵਿੱਚ ਵੱਸਦਾ ਮਾਹੀ,
ਅੱਖੀਂ ਨਾ ਦਿਸ ਆਵੇ।
ਲੱਭਾ ਥਾਨ ਕਿਸੇ ਤੋਂ ਨਾ ਉਹ,
ਪਰ ਹਰ ਠਾਹਰ ਵੱਸ ਆਵੇ।
ਹੋਂਦ ਜਿਹਦੀ ਅਨ-ਹੋਂਦ ਵਿੱਚ,
ਜਿਉਂ ਚਾਨਣ ਵਿੱਚ ਹਨੇਰਾ,
ਮੁਨਕਰ ਵੀ ਇਨਕਾਰ ਉਹਦੇ ਵਿੱਚ,
ਉਹਦੀ ਓਟ ਤਕਾਵੇ।

—0—

ਕਤਰੇ ਦੇ ਬੇਚੈਨ ਵਹਿਣ ਵਿੱਚ,
ਜਿਉਂ ਸਾਗਰ ਦੀ ਦੱਸ ਏ।
ਸ਼ੋਹਲਾ ਸੂਰਜ ਵੱਲ, ਭੌਂ ਢੇਹਲਾ,
ਭੱਜਦਾ ਹੋ ਬੇ ਵੱਸ ਏ।
ਦਿਨ ਰਾਤੀਂ ਬੇ-ਚੈਨ ਰਹਿਣ ਮਿਰਾ,
ਮੈਨੂੰ ਪਿਆ ਸਮਝਾਵੇ,
'ਮੈਂ' ਦੀ ਵੀ ਕੋਈ 'ਮੈਂ' ਹੈ ਜਿਸ ਵਿੱਚ,
ਸ਼ਾਂਤ ਖੁਸ਼ੀ ਨਿੱਤ-ਰੱਸ ਏ।



*Original with:*
Language Department Punjab
*Digitized by:*
Panjab Digital Library

# ਤਾਂਘ

ਮਧੱਮ ਪੰਚਮ ਲਰਜ਼ ਰਲਾਕੇ,
ਜੋੜਾ ਸੰਗ ਮਿਲਾਇਆ।
ਜਾਂ ਮਿਜ਼ਰਾਬ ਰਬਾਬੀ ਲਾਇਆ,
ਨਗ਼ਮਾ ਅਜਬ ਸੁਣਾਇਆ।
ਮੀਂਡ ਖਿੱਚੇ ਦਿਲ ਖਿੱਚੇ ਜਾਂਦੇ
ਕਾਂਗ ਚੜ੍ਹੇ ਰਸ ਆਵੇ,
ਨੈਣ ਭਰਨ ਭਰ ਡੁਲੱਣ ਮੁੜ ਮੁੜ,
ਵਾਹ ਸੰਗੀਤ ਰਸ ਛਾਇਆ।

—4—

ਮੈਂ ਨਿਕੜੀ ਮਧੱਮ ਦੀਆਂ ਤਾਰਾਂ,
ਇੱਕ ਸੁਰ ਕਦੀ ਮਿਲਾਓ।
ਰਹਿਮਤ ਕਰੋ ਰਬਾਬੀ ਨਾਨਕ!
ਹੱਥੀਂ ਆਪ ਵਜਾਓ।
ਨਗ਼ਮਾ ਨਾਦ ਇਲਾਹੀ ਛਿੜ ਸੀ,
ਤ੍ਰਿਭਵਨ ਗੂੰਜ ਉੱਠੇਗਾ,
ਬਿਲਮ ਕਰੋ ਨ ਬਾਂਕੇ ਸਾਈਂ,
ਮੇਹਰ ਕਰੋ ਝੱਬ ਆਓ।



*Original with:*
Language Department Punjab
*Digitized by:*
Panjab Digital Library

## ਅਰਦਾਸ

ਨਿਰਗੁਣਹਾਰ ਕੁਚੱਜੀ ਕੋਝੀ,
ਸੁਣ ਮੇਰੇ ਬਾਂਕੇ ਸਾਂਈਂ।
ਜਿਉਂ ਛਾਵੇਂ ਪਰਛਾਵੇਂ ਛੁਪਦੇ,
ਤਿਓਂ ਮੇਰੇ ਐਬ ਛਪਾਈਂ।
ਕਾਲੇ ਦਾਗ਼ ਜਿਵੇਂ ਵਿੱਚ ਚੰਨੇ,
ਜਿਉਂ ਬੇੜੀ ਵਿੱਚ ਲੋਹਾ,
ਲੜ ਤੇਰੇ ਹਾਂ ਲੱਗੀ ਸਾਜਣ,
ਲੱਗੀਆਂ ਤੋੜ ਨਿਬਾਹੀਂ।

## ਉਤਰ

ਮੈਂ ਨਿਰਗੁਣ ਦੀ ਬਹੁੜੀ ਸੁਣ ਕੇ,
ਦਾਤਾ ਨੇ ਫੁਰਮਾਇਆ।
ਕਾਲੀ, ਕੁਬੜ, ਕੁਚੱਜੀ, ਕੋਹਝੀ,
ਤੂੰ ਮੇਰਾ ਮਾਣ ਵਧਾਇਆ।
ਪਤਤ ਪਾਵਨ, ਬਖਸ਼ੰਦ ਕੰਤ ਦੀ,
ਕਿਉਂ ਮੰਨ ਚਿੰਤਾ ਕੀਤੀ,
ਲੜ ਲੱਗੀਆਂ ਖਸਮਾਨਾ ਕਰਨਾ,
ਇਹ ਮੀਤਾ ਬਣ ਆਇਆ।



*Original with:*
Language Department Punjab
*Digitized by:*
Panjab Digital Library

# ਕਵੀ

ਕੁਦਰਤ ਦੀ ਸਾਰੰਗੀ ਦੇ ਸੰਗ,
ਜੋ ਇੱਕ ਸੁਰ ਹੋ ਜਾਵੇ।
ਦ੍ਰਿਸ਼ਟਮਾਨ ਦੀ ਹਰ ਸ਼ੈ ਅੰਦਰ,
ਜੋ ਅਦ੍ਰਿਸ਼ਟ ਤਕਾਵੇ।
ਪੌਣ ਪਾਣੀ ਕੀ, ਵਣ ਤ੍ਰਿਣ ਕੀ,
ਕੀ ਪੱਸ ਪੰਛੀ ਦੀ ਬੋਲੀ,
ਸਮਝ ਲਏ ਸਮਝਾ ਲੈ ਜਿਹੜਾ,
ਕਵੀ ਕਹਿਣ ਬਣ ਆਵੇ।

# ਕਵਿਤਾ

ਜਾਨ ਜਗਤ ਦੀਆਂ ਪੀੜਾਂ ਨੂੰ,
ਹੈ ਜਿਸ ਦੀ ਜਾਨ ਰੰਜਾਣੀ।
ਚਹੁੰ ਕੂੰਟਾਂ ਦੀਆਂ ਚੋਭਾਂ ਚਸਕਾਂ,
ਸੁਣ ਜਿਸ ਨੈਣੀਂ ਪਾਣੀ।
ਆਪਾ ਕਰ ਬਰਬਾਦ ਚਾ ਜਿਹੜਾ,
ਆਬਾਦ ਕਿਸੇ ਨੂੰ ਲੋੜੇ,
ਨਿਹੁੰ ਕਰ ਨੀਂਦ ਨਾ ਨੈਣੀ ਜਿਸਦੇ,
ਕਵਿਤਾ ਉਸਦੀ ਬਾਣੀ



*Original with:*
Language Department Punjab
*Digitized by:*
Panjab Digital Library

# ਪਛਤਾਵਾ

ਹੁਸਨ–ਕਿਆਰੀ ਦੀ ਫ਼ੁਲਵਾੜੀ,
ਜਾਂ ਜੋਬਨ ਰੁਤ ਆਈ।
ਧੂੜੇ ਦੀ ਬਰਖਾ ਮੁਖ਼ੜੇ ਤੇ,
ਛੈਲ ਕੁੜੀ ਬਰਸਾਈ।
ਚੜ੍ਹਿਆ ਪਾਣੀ ਸੋਸਨ ਦਾ–
–ਫੁੱਲ ਦਿਸੇ ਪਇਆ ਗੁਲਾਬੀ।
ਧੌਣ ਉਚੇਰੀ ਕਰ ਕਰ ਟੁਰਦੀ,
ਸੂਰਤ ਦੀ ਗਰਮਾਈ।

——0——

ਸੁੰਦਰਤਾ ਤੇ ਸੁਪਨੇ ਵਿਹੰਦੀ,
ਸਾਰੀ ਰਾਤ ਵਿਹਾਈ।
ਦਿਨ ਚੜ੍ਹਿਆ ਬਾਂਦੀ ਨੇ ਝਾਤੀ,
ਜਾ ਸ਼ੀਸ਼ੇ ਵਿੱਚ ਪਾਈ।
ਕਿਧੱਰ ਗਈ ਗੁਲਾਬੀ ਰੰਗਤ,
ਸਾਂਵਲ ਰੋ ਰੋ ਆਖੇ,
ਜਿਉਂ ਧੁਰ ਬਨਿਆ ਤਿਉਂ ਹੀ ਰਹਿਸੀ,
ਪੇਸ਼ ਨਾ ਜਾਂਦੀ ਕਾਈ।



*Original with:*
Language Department Punjab
*Digitized by:*
Panjab Digital Library

# ਦਿਲ ਦਾ ਦਰਦ

ਮੁਕਤੀ ਮਾਰਗ ਬਾਹਮਨ ਵੇਚੇ,
ਉੱਚੀਆਂ ਕਰ ਕਰ ਬਾਹਵਾਂ।
ਮੁੱਲਾਂ ਆਖੇ ਕੱਢ ਦੋਜ਼ਖ ਥੀਂ,
ਜਨੱਤ ਜਾਇ ਪੁਚਾਵਾਂ।
ਬਾਹਮਨ ਮੁੱਲਾਂ ਦੀ ਹਠ ਤੱਕ ਕੇ,
ਨਾ ਮੈਂ ਗਾਹਿਕ ਬਣਿਆ,
"ਦਰਦ ਦਿਲੇ" ਦਾ "ਕਰਕ ਕਲੇਜੇ"
ਮੈਂ ਇਹ ਸੌਦਾ ਚਾਹਵਾਂ।

# ਧੋਖਾ

ਇਹ ਦੋ ਨੈਣ ਕਦੀਮੀ ਰਾਖੇ,
ਮਨ ਮੇਰੇ ਦੇ ਆਏ।
ਇਨ੍ਹਾਂ ਦੇ ਭਰਵਾਸੇ ਸੌਂ ਗਈ,
ਘੂਕ ਨੀਂਦ ਵਿੱਚ ਮਾਏ।
ਚੋਰਾਂ ਨਾਲ ਰਲਾ ਕੇ ਇਨ੍ਹਾ,
ਲੁਟਿਆ ਦਿਲ ਘਰ ਮੇਰਾ,
ਕੂਕਾਂ ਦਿਆਂ ਦੁਹਾਈ ਵੇ ਲੋਕਾ!
ਵਾੜ ਖੇਤ ਗਈ ਖਾਏ।



Original with:
Language Department Punjab
Digitized by:
Panjab Digital Library

## ਮਾਇਆ ਛਲ

ਕੀ ਅਸਲੀਅਤ ਇਸ ਦਿਸਦੇ ਦੀ,
ਮੈਂ ਪੁਛਿਆ ਦੱਸ ਜਾਨੀ।
"ਜਾਂ ਸੁਪਨਾ ਜਾਂ ਪੌਣ" ਕਿਹਾ ਉਸ,
"ਜਾ ਤੂੰ ਜਾਣ ਕਹਾਨੀ।"
ਇਸ ਦੇ ਆਸ਼ਕ ਕੌਣ ਹੋਏ,
ਜੋ ਜਾਨ ਘੁਮਾਵਣ ਇਸਤੇ,
ਪਸ਼ੂ ਭੂਤਨੇ ਦੈਂਤ, ਜਿੰਨ ਜਾਂ,
ਫਿਰਨ ਮਿਰਗ ਬਿਆਬਾਨੀ।

## ਸ਼ਿੰਗਾਰ ਸ਼ੋਰ

ਹਾਰ ਸ਼ਿੰਗਾਰ ਉਤਾਰ ਧਰੇ ਜਾਂ,
ਮੈਂ ਸੁਣਿਆਂ ਘਰ ਆਸਨ।
ਆ ਜਾਸੀ ਵਿਚਕਾਰ ਹਾਰ ਜਾਂ,
ਪੀਆ ਛਾਤੀ ਸੰਗ ਲਾਸਨ।
ਅੰਮ੍ਰਿਤ ਬਚਨ ਪੀਆ ਦੇ ਮਿੱਠੇ,
ਸਹਿਜ ਸਹਿਜ ਜਦੋਂ ਬੋਲੇ;
ਜੇ ਛਣਕੇ ਪੰਜ਼ੇਬਾਂ, ਚੂੜਾ,
ਕਿਉਂ ਸਖੀਏ ਸੁਣ ਜਾਸਨ?



*Original with:*
Language Department Punjab
*Digitized by:*
Panjab Digital Library

# ਧੁਰੋਂ ਲੱਗੀਆਂ

ਸਾਗਰ ਦੇ ਕਤਰੇ ਨੂੰ ਜਿਸ ਦਮ,
ਕਿਰਨਾਂ ਨੇ ਭਰਮਾਇਆ।
ਵਿਛੜਦੇ ਹੀ ਸਾਰ, ਮਿਲ਼ਣ ਦਾ
ਚਾਉ ਦਿਲੇ ਵਿੱਚ ਆਇਆ।
ਬੱਦਲ ਕਣੀਆਂ, ਨਾਲੇ, ਵਾਹੇ,
ਨਦੀਆਂ, ਰੂਪ ਅਨੇਕਾਂ,
ਧਾਰ ਧਾਰ ਓੜਕ ਨੂੰ ਸ਼ੁਹਦਾ,
ਸਾਗਰ ਜਾਏ ਸਮਾਇਆ।

——0——

ਭੇਸ ਅਨੇਕਾਂ ਨੇ ਜਿਉਂ ਕਤੱਰ ਨੇ,
ਮਿਲਨੇ ਦੇ ਲਈ ਕੀਤੇ।
ਖਾਤਰ ਯਾਰ ਮਿਲਣ ਦੀ ਸਾਡੇ,
ਜਨਮ ਅਨੇਕਾਂ ਬੀਤੇ।
ਪਰਬਤ, ਬੇਲੇ ਤੇ ਪਸੂ ਪੰਛੀ,
ਖ਼ਾਕੀ, ਨੂਰੀ, ਨਾਰੀ,
ਸਾਰੇ ਰੂਪ ਵਟਾਈ ਜਾਵਾਂ,
ਵੱਲ ਸੱਜਨ ਚੁੱਪ ਕੀਤੇ।



*Original with:*
Language Department Punjab
*Digitized by:*
Panjab Digital Library

# ਮਾਇਆ ਮੁਰਦਾਰ

ਕਾਂ ਕਾਲਾ ਕੋਇਲ ਵੀ ਕਾਲੀ,
ਪੰਛੀ ਜਾਤ ਸਦਾਏ।
ਕੋਇਲ ਸਭ ਆਖਣ ਮਿੱਠ ਬੋਲੀ,
ਕਾਂ ਦੱਸਣ 'ਕੰਨ ਖਾਏ'।
ਜਾਂ ਟੁਕਰ ਤਾਂ ਕਾਂ ਕਾਂ ਕਰਦਾ,
ਹੀਣਾ ਤੇ ਜੱਗ ਹੋਇਆ,
ਪ੍ਰੀਤਮ ਦੇ ਬ੍ਰਿਹੁ ਵਿਚ ਗਾਂਦੀ,
ਕੋਇਲ ਸ਼ੋਭਾ ਪਾਏ।

—0—

ਰਖ ਮਾਇਆ ਮੁਰਦਾਰ ਦਿਲੋ ਜੋ,
ਮੁਖ ਥੀਂ ਗਿਆਨ ਸੁਣਾਏ।
ਰਾਗ, ਤਾਨ, ਸੁਰ ਤਾਲ ਅਲਾਪੇ,
ਦਰ ਘਰ ਸੋਭ ਨ ਪਾਏ।
ਪ੍ਰੀਤਮ ਦੇ ਰੰਗ ਰਤੜੇ ਜਿਹੜੇ,
ਜਦ ਮੂਹੋਂ ਕੁਝ ਬੋਲਣ,
ਐਥੇ ਉਥੇ ਦੋਹੀਂ ਜਹਾਨੀਂ,
ਸਭ ਨੂੰ ਸੁੰਦਰ ਭਾਏ।



*Original with:*
Language Department Punjab
*Digitized by:*
Panjab Digital Library

## ਟੁਰੇ ਜਾਓ

ਅੱਧੀਂ ਰਾਤੀਂ ਮੈਂ ਇੱਕ ਡਿੱਠਾ,
ਅੰਬਰ ਤਾਰਾ ਟੁਟਿਆ।
ਚੀਨੀ ਚੀਨੀ ਹੋ ਕੇ ਖਿੰਡਿਆ,
ਕਿਸੇ ਹਿਠਾਹਾਂ ਸੁਟਿਆ।
ਆਖਣ-ਤੁਰਨੋਂ ਸੀ ਇਹ ਰੁਕਿਆ,
ਤਾਂ ਸਾਈਂ ਭੰਨ ਦਿੱਤਾ,
ਹੋਊ ਮਨਜ਼ੂਰ ਜੋ ਟੁਰਿਆ ਜਾਸੀ,
ਡਿਗਸੀ ਜੋ ਰਾਹ ਹੁਟਿਆ।

## ਕਲਮ

ਇਕ ਦਿਨ ਕਲਮ ਤਾਈਂ ਮੈਂ ਕਿਹਾ,
ਹੇ ਵਡਭਾਗੀ ਕਾਨੀ।
ਹੁਕਮ ਤੇਰਾ ਕੁਲ ਆਲਮ ਕਿਉਂ ਏ ?
ਖ਼ਲਕਤ ਭਰਦੀ ਪਾਨੀ ?
ਤਨ ਸੁੱਕਾ ਚਾਕੂ ਫਿਰ ਛਿਲੀ,
ਸੀਨੇ ਚੀਰ ਪੁਆਇਆ,
ਮੂੰਹ ਕਾਲਾ ਕਰ ਉਲਟੀ ਤੁਰ ਤੁਰ,
ਪਾਇਆ ਮਾਣ ਨਿਮਾਨੀ।



*Original with:*
Language Department Punjab
*Digitized by:*
Panjab Digital Library

## ਤੇਰੀ ਬੰਸੀ

ਮੈਂ ਬੰਸੀ ਤੇਰੀ ਵਡ ਕਾਨ੍ਹਾ !
ਨਾਲ ਬੁੱਲ੍ਹਾਂ ਜਦ ਲਾਵੇਂ।
ਸੁਕੀ ਪੋਲੀ ਟੋਰੀ ਵਿਚੋਂ,
ਰਾਗ ਅਨੇਕਾਂ ਗਾਵੇਂ।
ਆਪੇ ਸੁਨੇ ਸੁਨਾਵੇਂ ਆਪੇ,
ਜਦ ਚਾਹੇਂ ਬੰਦ ਕਰ ਦਏ,
ਵੱਸ ਨਿਮਾਣੀ ਲੱਕੜੀ ਦੇ ਕੀ,
ਵੱਜਦੀ ਜਿਵੇਂ ਵਜਾਵੇਂ।

## ਅੰਧਲੇ ਕੀ ਟੇਕ

ਪਹੁ ਫੁੱਟੀ ਘੜਿਆਲ ਸੰਖ ਸੁਣ,
ਭਗਤ ਦਰਸ ਨੂੰ ਧਾਏ।
ਅੰਨ੍ਹੇ ਇਕ ਸਾਥੀ ਨੂੰ ਤੱਕ ਕੇ,
ਬਾਕੀ ਦੇ ਮੁਸਕਾਏ।
'ਬਿਨ ਅੱਖੀਆਂ, ਦਰਸ਼ਨ ਕਿਉਂ ਹੋਸਨ' ?
"ਲੋੜ ਨਹੀਂ ਦਰਸ਼ਨ ਦੀ–
ਦਰ ਡਿੱਗਾ ਅੰਨ੍ਹਾਂ ਮਾਂਗਤ ਤੱਕ,
ਖੈਰ ਦੇਣ ਗੇ ਪਾਏ।



*Original with:*
Language Department Punjab
*Digitized by:*
Panjab Digital Library

## ਨੁਕਤੇ ਦਾ ਫੇਰ

ਬੂੰਦ ਕਿਹਾ ਰੋ, "ਸਾਗਰ ਤੋਂ ਮੈਂ,
ਅੱਡ ਇਕੱਲੀ ਰਹੀਏਂ।"
ਹੱਸ ਬੋਲੇ ਸਾਗਰ ਜੀ, ਭੋਲੀ!
ਜੁਦਾ ਨਹੀਂ ਤੂੰ ਮਹੀਏਂ।
ਅਸਲੋਂ ਨੇ ਸਭ ਰੂਪ ਇਕੋ ਦਾ.
ਮੈਂ, ਤੂੰ, ਆਹ, ਉਹ ਸਾਰੇ,
ਜੁਦਾ ਕਰੇ ਨੁਕਤੇ ਦੀ ਗਰਦਸ਼,
ਹੋਰ ਫਰਕ ਕੁਝ ਨਹੀਂ ਏ।

## ਵਸੋਂ ਤੁਸਾਹੀਂ

ਕੀ ਹੋਇਆ? ਦਿਲ ਵੇਹੜੇ ਮੇਰੇ,
ਦਿਲ ਮੇਰੇ ਦੇ ਸਾਈਂ।
ਗੈਰਾਂ ਭੀ ਆ ਡੇਰੇ ਲਾਏ,
ਤੁਸੀਂ ਇਕੱਲੇ ਨਾਹੀਂ।
ਭੰਨ ਘੱਤੋ, ਕਰ ਸੁਟੋ ਟੋਟੇ,
ਲੋੜ ਨਹੀਂ ਇਸ ਦਿਲ ਦੀ,
ਸਾਬਤ ਨਾਲੋਂ ਟੁਕੜਾ ਚੰਗਾ,
ਜਿਥੇ ਵਸੋਂ ਤੁਸਾਹੀਂ।



*Original with:*
Language Department Punjab
*Digitized by:*
Panjab Digital Library

## ਮੈਂ

ਕੁਨ ਕਿਹਾ ਕੁਲ ਆਲਮ ਕੀਤਾ,
ਫੁਰਮਾਇਆ ਕੁਝ ਗਾਓ।
ਬੋਲੀ ਅਪਣੀ ਅਪਣੀ ਬੋਲੋ,
ਦਿਲ ਦੇ ਹਾਲ ਸੁਣਾਓ।
ਕੋਈ ਉੱਚੀ ਕੋਈ ਹੌਲੀ ਬੋਲੇ,
ਬੱਕਰੇ 'ਮੈਂ' ਮੈਂ, ਕੀਤੀ,
ਹੋਇਆ ਹੁਕਮ ਕਸਾਬਾਂ ਤਾਈਂ,
'ਮੈਂ' ਤੇ ਛੁਰੀ ਚਲਾਓ।

——0——

"ਮੈਂ ਮੈਂ" ਦਾ ਤੱਕ ਗਲ ਕਟੀਂਦਾ,
ਇੱਕ ਨਿਕੜੀ ਜ਼ਿੰਦ ਭੋਲੀ।
ਖੌਫ ਇਲਾਹੀ ਤੋਂ ਕੰਬ ਉਠੀ,
ਮੈਂ-ਨਾ, ਮੈਂ-ਨਾ" ਬੋਲੀ।
ਕਰਮ ਹੋਇਆ ਮੈਨਾ ਦੇ ਉਤੇ,
ਬਾਦਸ਼ਾਹ ਹੱਥ ਖੇਲੇ।
ਦਰਗਾਹ ਮਾਣ ਨਿਮਾਣਾ ਪਾਵੇ,
ਇਹ ਸੰਤਾਂ ਗੱਲ ਖੋਲ੍ਹੀ।



*Original with:*
Language Department Punjab
*Digitized by:*
Panjab Digital Library

## ਆਸਰਾ

ਨਿਰਬਲ ਵੱਲ ਇੱਕ ਚੜ੍ਹੀ ਪਲ੍ਹਧਰ,
ਪਰਬਤ ਅੰਨ੍ਹੀ ਆਈ।
ਬਿਜਲੀ ਕੜਕੀ ਬੱਦਲ ਗੱਜੇ,
ਬਨ ਤੇ ਹੈਬਤ ਛਾਈ।
ਬੂਟੇ ਡਾਲੇ ਸ਼ਾਖਾਂ ਡੋਲਨ,
ਇਹ ਹੱਸੇ ਤਾੜੀ ਮਾਰੇ,
ਜੋ ਸੱਜਨਾਂ ਦੇ ਖਲੇ ਆਸਰੇ,
ਉਨ੍ਹਾਂ ਫਿਕਰ ਨ ਕਾਈ।

## ਪਿਤਾ ਦੀ ਝਿੜਕੀ

ਪਿਤਾ ਕ੍ਰਿਪਾਲ ਮੇਹਰ ਕਰ ਦਿਤੇ,
ਦੁੱਧ ਮਲਾਈਆਂ ਮੇਵੇ।
ਚੰਚਲ ਬਾਲ ਅਗਨਿ ਹੱਥ ਪਾਵੇ,
ਤੁਰਤ ਝਿੜਕ ਤਦ ਦੇਵੇ।
ਝਿੜਕ ਤੇਰੀ ਭੀ ਮੇਹਰ ਪਿਤਾ ਜੀ,
ਦੁੱਧ ਮਲਾਈਉਂ ਮਿੱਠੀ,
ਅਗਨਿ ਸਾਗਰ ਬਿਖਿਆ ਵਿਚ ਸੜਨੋਂ,
ਜੋ ਮੈਨੂੰ ਰੱਖ ਲੇਵੇ।



Original with:
Language Department Punjab
Digitized by:
Panjab Digital Library

# ਸੌਂਪਣਾ

ਟੇਸ਼ਨ ਤੇ ਰਾਹੀ ਕੁਝ ਤੱਕੇ,
ਕਰ ਪੈਂਡਾ ਸਨ ਹੁਟੇ।
ਮੱਤ ਗੱਠੜੀ ਕੋਈ ਚੋਰ ਚੁਰਾਵੇ,
ਜਾਗ ਰਹੇ ਨ ਸੁਤੇ।
ਕਰ ਕਰ ਯਤਨ ਦੁਖੀ ਅਤ ਹੋਕੇ,
ਰਾਤ ਬਿਤਾਈ ਸਾਰੀ,
ਪਲਕ ਲਗੀ ਇਕ ਪਲਕ ਜਦੋਂ,
ਸਭ ਗਏ ਵਲੇਵੇ ਚੁਕੇ।

——0——

ਧਰ ਅਸਬਾਬ ਜਿਨ੍ਹਾਂ ਵਿੱਚ ਦਫਤਰ,
ਫੀਸ ਦੁਆਨੀ ਤਾਰੀ।
ਨੀਂਦ ਭਰੇ ਭਰ ਸੁਤੇ ਜੌਂਕੀਂ,
ਮੌਜੀ ਰਾਤੀ ਗੁਜ਼ਾਰੀ।
ਜਾਗੇਂ, ਨੀਂਦ ਗੁਆਵੇਂ, ਤਪੀਏ ?
ਅੱਖ ਲੱਗੀ ਲੁਟਿ ਜਾਸੇਂ,
ਸੌਂ ਜਾ ਸਿਰ ਗੁਰ ਚਰਨੀ ਧਰਕੇ,
ਆਪ ਕਰੂ ਰਖਵਾਰੀ।



*Original with:*
Language Department Punjab
*Digitized by:*
Panjab Digital Library

# ਡੋਰ

ਡੋਰ ਲੰਬੇਰੀ ਛੱਡ ਇੱਕ ਮੁੰਡੇ,
ਗੁੱਡੀ ਗਗਨ ਚੜ੍ਹਾਈ।
ਕਿੱਦਾਂ ਮਿਲੇ ਅਜ਼ਾਦੀ ਡੋਰੋਂ,
ਤੜਫੇ ਦੇਇ ਦੁਹਾਈ।
ਟੁਟੀ ਡੋਰ ਜਦੋਂ, ਧਰ ਡਿੱਗੀ,
ਫੀਤੀ ਫੀਤੀ ਹੋਈ,
'ਅਜ਼ਾਦੀ ਬਰਬਾਦੀ ਨਿਕਲੀ',
ਦੇਖ ਮੇਰੇ ਮਨ ਆਈ।

—0—

ਹੱਡ ਚੰਮ ਦੀ ਗੁੱਡੀ ਤੂੰ ਬੰਦੇ,
ਪੌਣ–ਡੋਰ ਸੰਗ ਤੁਧੇ।
ਸਾਹਿਬ ਦੇ ਹੱਥ ਪਕੜੀ ਡੋਰੀ,
ਵਿੱਚ ਅਕਾਸ਼ਾਂ ਉਡੇ।
ਤੂੰ ਲੋੜੇਂ ਛੁਟ ਜਾਣਾ ਹੱਥੋਂ,
ਮਾਇਆ ਦਾ ਭਰਮਾਇਆ,
ਵਿੱਛੜਕੇ ਢਹਿ ਢੇਰੀ ਹੋਸੇਂ,
ਜਾ ਪੈਸੇ ਵਿੱਚ ਖੁੱਡੇ।



*Original with:*
Language Department Punjab
*Digitized by:*
Panjab Digital Library

# ਆਪੇ ਫਾਥੀ

ਮੱਖੀ, ਮੱਛਰ, ਫਾਵਣ ਦਾ, ਜਾਂ,
ਮੱਕੜੀ ਮਤਾ ਪਕਾਇਆ।
ਕੱਢ ਕੱਢ ਤਾਰਾਂ ਕਈ ਉਸ ਮੂੰਹੋਂ,
ਜਾਲਾ ਚੂਕ ਬਣਾਇਆ।
ਜਾਂ ਤਾਣਾਂ ਤਣ, ਚੁੱਕੀ ਭੋਲੀ,
ਫੱਸ ਗਈ ਆਪ ਵਿਚਾਰੀ,
ਐਸੀ ਫਾਥੀ ਫੇਰ ਨਾ ਨਿਕਲੀ,
ਰੋ ਰੋ ਕਾਲ ਬਿਤਾਇਆ।

——0——

ਚਿੰਤ-ਪਹਾਰੇ ਬਹਿ ਤ੍ਰਿਸ਼ਨਾ ਸੰਗ,
ਬੰਦਾ ਸੰਗਲ ਘੜਦਾ।
'ਕੈਦ ਕਰਾਂਗਾ ਆਲਮ ਸਾਰਾ',
ਜੀ ਵਿੱਚ ਸੋਚਾਂ ਕਰਦਾ।
ਮੁੜ੍ਹਕੋ ਮੁੜਕੀ ਹੋ ਹੋ ਕੁਟਦਾ,
ਜਾਂ ਸੰਗਲ ਜੁੜ ਜਾਵੇ,
ਕੜਿੱਕੇ ਵਿੱਚ ਆਪੂੰ ਫਸਿਆ,
ਹੋਇਆ ਜਗ ਦਾ ਬਰਦਾ।



Original with:
Language Department Punjab
Digitized by:
Panjab Digital Library

# ਬਾਹਰ ਭੇਖ

ਹਲ ਵਾਹ, ਪੋਰ ਸੁਹਾਗੀ ਪੈਲੀ,
ਵਾੜ ਚੁਗਿਰਦੇ ਲਾਈ।
'ਹਰੀ ਅੰਗੂਰੀ ਉਗਦੀ ਨੂੰ ਕੁਈ,
ਮ੍ਰਿਗ ਨ ਜਾਵੇ ਖਾਈ।
ਕਣੀਆਂ ਪਈਆਂ ਗਈ ਕਰੰਡੀ,
ਖੇਤੀ ਜਦੋਂ ਨਾ ਉੱਗੀ,
ਵਾੜ ਉਖੇੜ ਜਟ ਨੇ ਭੰਨੀ,
ਘਤ ਤੰਦੂਰ ਜਲਾਈ।

——0——

ਵਿਣ ਖੇਤੀ ਜਿਉਂ ਵਾੜ ਨਿਕੰਮੀ,
ਕੰਡੀਂ ਹੱਥ ਪੜਾਵਨ।
ਦਿਲ ਹਰਿਆਵਲ ਬਾਝ ਨਿਕੰਮਾ,
ਬਾਹਰ ਭੇਖ ਬਣਾਵਨ।
ਨਾਮ ਬੀਜ, ਦੇ ਸਿਦਕ ਸੁਹਾਗਾ,
ਦੇ ਨੈਣਾਂ ਬੀਂ ਪਾਣੀ,
ਖੇਤੀ ਉਗਿਆ, ਨੀਲਾ ਪੀਲਾ,
ਭਗਵਾ ਵਾਜਬ ਪਾਵਨ।



*Original with:*
Language Department Punjab
*Digitized by:*
Panjab Digital Library

## ਦੋਸੀ ਦੋਸ ਧਰੇ

ਰੰਡੀ ਤੱਕ ਮੁਲਾਂ ਇੱਕ ਬੋਲੇ,
"ਸੁਣ ਬਦ-ਬਖਤੇ ਨਾਰੇ।
ਨਿੱਤ ਕਮਾਵੇਂ ਪਾਪ ਨਵੇਂ ਤੂੰ,
ਅੱਲਾ ਦੋਜ਼ਖ ਸਾੜੇ।"
ਹੱਸ ਬੋਲੀ ਰੰਡੀ:—"ਸੁਣ ਮੀਆਂ,
ਜੋ ਦਿਸਦੀ, ਸੋਈ ਹਾਂ ਮੈਂ,
ਐਪਰ ਤੁਸੀਂ, ਦਿਸੋ ਜੋ ਬਾਹਰੋਂ,
ਅੰਦਰੋਂ ਹੋ ਸਚਿਆਰੇ।"

(ਖ਼ਿਆਮ)

## ਚਰਨ ਛੋਹ

ਜੇਕਰ ਪਾਕ ਨਿਗਾਹਾਂ ਥੀਵਨ,
ਮੈਂ ਦਿਨ ਰਾਤੀਂ ਚਾਹਵਾਂ।
ਨੈਣੋਂ ਪਿਰੀ ਵਿਛੌਣੇ ਉਤੇ,
ਸਤਿਗੁਰ ਤਾਈਂ ਬਿਠਾਵਾਂ।
ਸੱਦ ਘੱਲਾਂ ਆ ਜਾਵਨ ਦਾਤਾ,
ਨੈਨੀਂ ਚਰਨ ਟਿਕਾਸਨ,
ਹੋਸਾਂ ਪਤਿਤ ਪੁਨੀਤ ਚਰਨ ਛੋਹ,
ਮੈਂ ਐਵੇਂ ਗ਼ਮ ਖਾਵਾਂ।"



*Original with:*
Language Department Punjab
*Digitized by:*
Panjab Digital Library

# ਮੇਹਰ ਪੀਆ ਦੀ

ਦਰ ਦਰ ਤੇ ਮੰਗਦੀ ਮੈਂ ਫਿਰਦੀ,
ਕਾਸਾ ਹੱਥ ਵਿੱਚ ਚਾਇਆ।
ਝਿੜਕ ਹਟਾਇਆ ਸਭ ਨੇ ਓੜਕ,
ਇੱਕ ਟੁਕੜਾ ਇਕ ਪਾਇਆ।
ਹੱਥ ਪਸਾਰ ਲਿਆ ਮੰਗ ਉਹ ਵੀ,
ਮੈਂ ਦਿੱਤਾ ਚੁਪ ਕੀਤੀ,
ਰਾਹ ਵਿਚ ਆਪ ਖੜੇ ਸਨ ਦਾਤਾ,
ਮਾਂਗਤ ਭੇਖ ਬਣਾਇਆ।

——0——

ਕਾਸਾ ਖਾਲੀ ਫੜ ਮੁੜ ਆਈ,
ਘਰ ਆਕੇ ਕੀ ਤੱਕਾਂ।
ਲਬ ਲਬ ਭਰਿਆ, ਮੂਲ ਨਾਂ ਬੁਝਿਆ,
ਖਾਲੀ ਕਰ ਕਰ ਥੱਕਾਂ।
ਸਈਆਂ ਆਖਣ ਚੰਗਾ ਸੌਦਾ,
ਇੱਕ ਦਿਤਾ ਬਹੁ ਪਾਏ,
ਸੌਦਾ ਨਹੀਂ ਨੀ, ਮੇਹਰ ਪੀਆ ਦੀ,
ਸੰਗਦੀ ਆਖ ਨ ਸੱਕਾਂ।

( ਟੈਗੋਰ )



*Original with:*
Language Department Punjab
*Digitized by:*
Panjab Digital Library

# ਅਮਰ ਪ੍ਰੀਤ

ਪਤ ਝੜ ਦੀ ਰੁਤ ਨਿਕਲ ਘਰੋਂ ਮੈਂ,
ਬਾਗ ਵੱਲ ਉੱਠ ਧ ਇਆ।
ਕੀ ਕਲੀਆਂ, ਗੁੰਚੇ, ਫਲ, ਪੱਤੇ,
ਸਭ ਕੁਝ ਸੀਤ ਸੁਕਾਇਆ।
ਪਰ ਸੁੱਕੀ ਟਹਿਣੀ ਤੇ ਬੈਠੀ,
ਬੁਲਬੁਲ ਜਾਂ ਮੈਂ ਤੱਕੀ,
"ਕਿਉਂ ਬਹਿ ਰਹੀਏਂ ਹੁਣ ਤੂੰ ਬੌਰੀ ?"
ਤਾਂ ਉਸ ਆਖ ਸੁਣਾਇਆ।

——0——

"ਬੋਲੀ–ਮੁੱਢ ਕਦੀਮਾਂ ਦੀ ਮੈਂ,
ਪ੍ਰੀਤ ਪੀਆ ਸੰਗ ਲਾਈ।
ਫੁੱਲ ਬਣਕੇ ਇਸ ਡਾਲੀ ਵਿਚੋਂ,
ਉਨ੍ਹਾਂ ਝਲਕ ਦਿਖਾਈ।
ਦੇਕੇ ਝਲਕ ਪਲਕੁ ਵਿਚ ਟੁਰ ਗਏ,
ਹੈ ਨਿਸ਼ਚਾ ਫਿਰ ਆਸਨ;
ਬਿਨਸਨ ਹਾਰੀ ਜਾਤ ਰੂਪ ਦੀ,
ਪ੍ਰੀਤ ਬਿਨਸਦੀ ਨਾਹੀ।"



*Original with:*
Language Department Punjab
*Digitized by:*
Panjab Digital Library

# ਰਹਿਮਤ

ਰੋਜ਼ ਕਿਆਮਤ ਸਭ ਕੋ ਹਾਜ਼ਰ,
ਅੱਲਾ ਦੇ ਦਰ ਹੋਇਆ।
ਅਮਲਾਂ ਦੇ ਫਲ ਝੋਲੀ ਪੈ ਗਏ,
ਕੋਈ ਹੱਸਿਆ ਕੋਈ ਰੋਇਆ।
ਹੁਣ ਵੰਡਾਂਗੇ ਬਖਸ਼ਸ ਮੁਲਾਂ,
ਜਾ ਉਸ ਸੱਦ ਲਿਆਓ,
ਲੱਭਣ ਖ਼ਾਤਰ ਰਹਿਮਤ ਰੱਬ ਦੀ,
ਜਾਂ ਉਹ ਉੱਠ ਖਲੋਇਆ।

——0——

ਜਨੱਤ ਵਿੱਚ ਜਾ, ਵਾਜਾਂ ਮਾਰੇ,
ਜਾਂ ਲੱਗਾ ਕੰਨ ਖਾਵਨ।
'ਕੋਈ ਨ ਇਥੇ' ਆਖਣ ਲੋਕੀਂ,
ਜੋ ਪਏ ਐਸ਼ ਉਡਾਵਨ।
ਜਾਂ ਤੱਕੀ ਵਿਚ ਪਾਪੀ ਲੋਕਾਂ,
ਖਿੜ ਬੋਲੇ:-"ਕਿਉਂ ਐਥੇ?"
"ਬੈਠੀ ਦਿਆਂ ਦਿਲਾਸਾ ਉਨ੍ਹਾਂ,
ਜੋ ਰੋਵਣ ਬਿਲਲਾਵਣ।"



*Original with:*
Language Department Punjab
*Digitized by:*
Panjab Digital Library

# *੧੯੩੦ ਦਾ ਚੈਡਵਿਕ ਫਾਲ

ਚੈਡਵਿਕ ਫਾਲ ਡਿੱਗੇ ਅਤਿ ਚਿੱਟਾ, ਚਾਂਦੀ ਜਿਉਂ ਢਲ ਆਵੇ।
ਪੱਥਰ ਤੇ ਵੱਜ ਛਮ ਛਮ ਕਰਦਾ, ਕੂਲ ਅਨੂਪ ਬਹਾਵੇ।
ਖੇਤਾਂ ਜਾ, ਸੈਰਾਬ ਕਰੇ ਫਿਰ, ਧਾਨ ਮਕਈਆਂ ਪੱਕਣ,
ਦਾਣੇ ਬਣ ਮੰਡੀ ਵਿੱਚ ਵਿਕਦਾ, ਸੱਚ ਚਾਂਦੀ ਹੋ ਆਵੇ।

——0——

ਪਰਬਤ ਤੋਂ ਵੇਲਾਂ ! ਲਮਕਣ, ਜਿਉਂ ਜੁਲਫ਼ ਸੁੰਦਰ ਵਾਹੀ।
ਚਾਂਦੀ ਰੰਗਾ ਫਾਲ ਗਿਰੇ ਵਿੱਚ, ਜਿਉਂ ਬਘਿਆੜੀ ਪਾਈ।
ਕੁਦਰਤ ਹਾਰ ਸ਼ਿੰਗਾਰ ਲਗਾਈ, ਚੁਪ ਕੀਤੀ ਰਾਹ ਤੱਕੇ,
ਕੀ ਸਖੀਏ ! ਘਰ ਪੀ ਆਵਣ ਦੀ, ਪਾਣੀ ਖਬਰ ਸੁਣਾਈ ?

——0——

ਪਾਣੀ ਕਹੇ ਬਾਣੀ ਸੁਣ ਮੇਰੀ, "ਕਿਉਂ ਮੈਂ ਸ਼ੋਰ ਮਚਾਇਆ।
ਪਰਬਤ ਦੀ ਅਖੋਂ ਮੈਂ ਕਿਰ ਕਿਰ, ਨੈਣ ਨੀਰ ਜਿਉਂ ਆਇਆ।
ਪੱਥਰ ਤੇ ਵੱਜਾਂ ਨ ਅਟਕਾਂ, ਵਹਿੰਦਾ ਜਾ ਅਗਾਹਾਂ,
ਹੋਸੀ ਤਦੋਂ ਮੁਕਾਮ ਅਸਾਡਾ, ਜਾਂ ਸ਼ਹੁ ਸਾਗਰ ਪਾਇਆ।"

---

*ਸ਼ਿਮਲੇ ਦਾ ਇਕ ਪਹਾੜੀ ਚਸ਼ਮਾਂ।



*Original with:*
Language Department Punjab
*Digitized by:*
Panjab Digital Library

# ਚੜਵਿਕ ਫਾਲ ਦਾ ਦੂਜਾ ਨਜ਼ਾਰਾ

ਚੜਵਿਕ ਫਾਲ ਜਾਂ ਇੱਕ ਦਿਨ ਕੀ ਤੱਕਿਆ,
ਭਾਣਾ ਸੀ ਕੁਝ ਹੋਇਆ।
ਧਾਰ ਗਿਰੇ ਨ ਸ਼ੋਰ ਕਰੇ ਕੁਛ,
ਦਿਸੇ ਜਿਉਂ ਅਧਮੋਇਆ।
ਜਾਂ ਪੁੱਛਿਆ, "ਕੀ ਹੋਇਆ ਪ੍ਰੀਤਮ,
ਭਾਵੀ ਕੀ ਵਰਤਾਇਆ?
ਨ ਰਿਮਝਿਮ ਨ ਰੌਣਕ ਪਹਿਲੀ,
ਜੋਬਨ ਕਿੱਥੇ ਖੋਇਆ?"

——0——

ਆਬਸ਼ਾਰ ਆਖੇ "ਸੁਣ ਭੋਲੇ!
ਸਾਥੇ ਵਸਤ ਨ ਕਾਈ।
ਅਰਸ਼ੋਂ ਲੈਣਾ ਤੇ ਫਰਸ਼ੀਂ ਦੇਣਾ,
ਰੀਤ ਅਸਾਡੀ ਆਹੀ।
'ਦਾਤੇ ਦਾਤ ਰੱਖੀ ਹੱਥ ਅਪਣੇ',
ਨਹੀਂ ਵਰਸੇ ਨਹੀਂ ਦਿੱਤੀ,
ਹੰਝੂ ਕੇਰ ਕੇਰ ਪਿਆ ਤੱਕਾਂ,
ਮੇਹਰ ਕਰਨ ਕਦ ਮਾਹੀ।"



*Original with:*
Language Department Punjab
*Digitized by:*
Panjab Digital Library

# ਇਨਕਾਰ

ਮੰਗੀ ਜਾਵਾਂ, ਮੰਗੀ ਜਾਵਾਂ,
ਰੱਖ ਤੁਧ ਉੱਪਰ ਮਾਣਾ।
ਲੋਭ ਲਹਿਰ ਦਾ ਮੈਂ ਹਲਕਾਇਆ,
ਹੱਕ ਨਾਹੱਕ ਨ ਜਾਣਾ।
ਕੁਝ ਮੰਨੇਂ, ਕੁਝ ਰਦ ਕਰ ਦੇਵੇਂ,
ਵਾਹ ਮੇਰੇ ਦਾਨੇ ਸਾਈਂ ?
ਕਰ ਇਨਕਾਰ ਨ ਰੱਖਦੋਂ, ਤ੍ਰਿਸ਼ਨਾ,–
–ਹੈਸੀ ਮਾਰ ਮੁਕਾਣਾ।

# ਨਿੰਮ੍ਰਤਾ

ਛਿੜਕਿਆ ਜੋ ਬੂਟੇ ਤੇ ਪਾਣੀ,
ਤੁਰਤ ਹਿਠਾਹਾਂ ਡਿੱਗਾ।
ਉਤੋਂ ਤਾਂ ਤਰ ਹੋ ਗਏ ਪੱਤੇ,
ਵਿਚੋਂ ਕੋਈ ਨਾ ਭਿੱਜਾ।
ਰਿੜ੍ਹ ਨੀਵਾਂ ਜੋ ਜੜ੍ਹ ਜਾ ਪਾਇਆ,
ਚੜ੍ਹਿਆ ਪੱਤੀ ਪੱਤੀ,
ਫੁੱਲ ਬਣ ਕੇ ਆਖ਼ਰ ਉਹ ਖਿੜਿਆ,
ਸਭ ਦਾ ਮਨ ਤੱਕ ਰਿੱਝਾ।



*Original with:*
Language Department Punjab
*Digitized by:*
Panjab Digital Library

## ਸਾਧੂ-ਹਿਰਦਾ

ਵਹਿੰਦੇ ਨੀਰ ਉਤੇ ਮੈਂ ਇੱਕ ਦਿਨ,
ਖਿੱਚ ਲਕੀਰ ਵਗਾਈ।
ਅੱਖ ਫਰਕਣ ਵਿੱਚ ਘੁਲ ਮਿਲ ਮਿਟ ਗਈ,
ਹੋ ਗਈ ਤੁਰਤ ਸਫਾਈ।
ਪੱਥਰ ਤੇ ਵਾਹੀ ਨ ਮਿਟੀ,
ਦੇਖ ਮੇਰੇ ਮਨ ਆਇਆ,
ਸਾਧ ਰਿਦੇ ਵਿੱਚ ਵੈਰ ਨ ਟਿਕੇ,
ਸਾਕਤ ਛੱਡੇ ਨਾਹੀ।

## ਦੁਖ-ਦਾਰੂ

ਬਦ-ਹਜ਼ਮੀ, ਅਫਰੇਵਾਂ ਹੋਵੇ,
ਬਾਹਲਾ ਖਾ ਢਿੱਡ ਦੁੱਖੇ।
ਪੱਕ ਪਰਹੇਜ਼ ਤਬੀਬ ਬਤਾਵੇ,
'ਬਰਤ ਕਰੋ ਰਹੋ ਭੁੱਖੇ।'
ਸਭ ਇਸ ਭੁੱਖ ਨੂੰ ਸੁਖ ਕਰ ਜਾਣਨ,
ਜੋ ਵੈਦਾਂ ਰਖਵਾਈ,
'ਦੂਖ ਭੂਖ ਸਦ ਮਾਰ' ਪੀਆ ਦੀ,
ਦਾਤ ਇਸੇ ਵਿੱਚ ਸੁਖ ਏ।



*Original with:*
Language Department Punjab
*Digitized by:*
Panjab Digital Library

# ਅਸਚਰਜ

ਸਿਰਕੀ ਦੇ ਪਿਛੇ ਬੈਠੇ ਨੂੰ,
ਬਾਹਰ ਦੀ ਸਭ ਦਿਸੇ।
ਬਾਹਰੋਂ ਪਏ ਅਨੇਕਾਂ ਵੇਖਣ,
ਨਜ਼ਰ ਨ ਆਵੇ ਕਿਸੇ।
ਤਿਉਂ ਨੂਰੀ ਚਿੱਕ ਉਹਲੇ ਬਹਿਕੇ,
ਪ੍ਰੀਤਮ ਸਭ ਨੂੰ ਵਿਹੰਦਾ,
ਕੁਲ ਆਲਮ ਪਿਆ ਬਾਹਰੋਂ ਤੱਕੇ,
ਨਜ਼ਰ ਨ ਆਵੇ ਕਿਸੇ।

# ਅੰਤ-ਭਲਾ

ਤੱਪ ਚੜ੍ਹਦੇ ਬਾਲਕ ਨੂੰ ਲੋੜੇ,
ਵੈਦ ਕੁਨੀਨ ਖੁਆਈ।
ਆਖੇ ਕੌੜੀ ਮੈਂ ਨਹੀਂ ਖਾਣੀ,
ਰੋਵੇ ਦੇਇ ਦੁਹਾਈ।
ਘੁਰ ਘੱਪ ਕੇ ਜਦੋਂ ਖੁਆਈ,
ਤੁਰਤ ਤਾਪ ਚਾ ਲੱਥਾ,
ਤਲਖ ਦਿਸੇ ਪ੍ਰਮਾਰਥ,–
–ਲਇਆਂ ਜਨਮ ਮਰਨ ਦੁੱਖ ਜਾਈ।



*Original with:*
Language Department Punjab
*Digitized by:*
Panjab Digital Library

## ਅਰਸ਼ੀ ਪੀਂਘ

ਉੱਚੇ ਉੱਚੇ ਟਿੱਬੇ ਚਾਰ ਪਾਸੇ ਪਏ ਦਿਸਦੇ ਸੀ.
ਨੀਵੇਂ ਪਾਸੇ ਵੱਲ ਇੱਕ ਖੱਡ ਦਾ ਵਿਚਾਲਾ ਸੀ।
ਨੀਝ ਲਾਕੇ ਤੱਕਿਆ ਤਾਂ ਅਜਬ ਨਜ਼ਾਰਾ ਡਿੱਠਾ,
ਨੀਲਾ ਪੀਲਾ ਹਰਾ ਸੱਤ ਰੰਗਾ ਇੱਕ ਹਾਲਾ ਸੀ।
ਅਰਸ਼ਾਂ ਦੀ ਪੀਂਘ ਕੋਈ ਧਨੁਖ ਪਿਆ ਯਾਰ ਦਸੇ,
ਕਿਸੇ ਕਿਹਾ ਬੂੰਦਾਂ ਵਿੱਚ ਕਿਰਣ ਦਾ ਵਿਖਾਲਾ ਸੀ,
ਚੋਟੀਆਂ ਦੀ ਸੈਰ ਆਈ ਰਾਣੀ ਕੁਦਰਤ ਆਪ,
ਮੇਰੇ ਭਾਣੇ ਉਹਦੇ ਕੰਨੋਂ ਡਿੱਗਿਆ ਇਹ ਵਾਲ਼ਾ ਸੀ।

## ਬਾਣੀ ਦਾ ਪਾਣੀ

ਸ਼ੀਸ਼ੇ ਦੀ ਟੁਕੜੀ ਲੈ ਤੱਕੀ,
ਕੁਝ ਵੀ ਨਜ਼ਰ ਨ ਆਇਆ।
ਜਾਂ ਪਾਰੇ ਦਾ ਪਾਣੀ ਚੜ੍ਹਿਆ,
ਦਿੱਸੇ ਰੂਪ ਸਵਾਇਆ।
ਮੁਰਸ਼ਦ ਦੀ ਬਾਣੀ ਦਾ ਪਾਣੀ,
ਦਿਲ–ਸ਼ੀਸ਼ੇ ਜੋ ਚਾੜ੍ਹਨ,
ਅਗਮ ਅਗੋਚਰ ਵੇਦ ਕਹਿਣ ਜਿਸ,
ਵਿੱਚ ਬੁੱਕਲ ਦਿਸ ਆਇਆ।



*Original with:*
Language Department Punjab
*Digitized by:*
Panjab Digital Library

## ਪ੍ਰੀਤ-ਰੀਤ

ਸੀਤ ਰੁਤ ਆਈ ਸਰ ਸੁਕੇ,
ਕੰਵਲ ਵੀ ਖਿੜਨੋਂ ਰਹਿਆ।
ਭਵਰੇ ਤੇ ਪੰਛੀ ਸਭ ਉੱਡ ਗਏ,
ਹੋਰ ਆਸਰਾ ਲਇਆ।
ਹੁਸਨ ਦੇ ਗਾਹਕ ਸਾਰੇ ਤੁਰ ਗਏ,
ਰਹੀ ਇਕੱਲੀ ਮੱਛਲੀ,
ਪ੍ਰੀਤ ਰੀਤ-ਫਾਹੀ ਜੋ ਫਾਥੇ,
ਆਵਣ ਜਾਣਾ ਰਹਿਆ।

## ਮਾਹੀ ਦਾ ਰਾਹੀ

ਜਿੱਤ ਦੁਨੀ ਸਭ ਸ਼ਾਹ ਸਕੰਦਰ,
ਬੈਠਾ ਨਦੀ ਕਿਨਾਰੇ।
ਵਹਿੰਦੇ ਇੱਕ ਕਤਰੇ ਨੂੰ ਆਖੇ,–
"ਠਹਿਰ ਓਇ! ਰਤਾ ਨਿਕਾਰੇ।"
ਲੰਘ ਤੁਰਿਆ ਮੁਸਕ੍ਰਾਕੇ ਕਤਰਾ,
ਬੋਲਿਆ "ਸੁਣ ਓਇ ਸ਼ਾਹਾ ?
ਉਨ੍ਹਾਂ ਥੀਂ ਰੋਕ ਨ ਸਕੇ ਕੁਈ,
ਜੁ ਜਾਵਣ ਤਰਫ ਪਿਆਰੇ।"



*Original with:*
Language Department Punjab
*Digitized by:*
Panjab Digital Library

# ਧੰਨ ਦਾਤਾ !

ਤੂੰ ਦਾਤਾ ਮੈਂ ਮਾਂਗਤ ਤੇਰਾ,
ਜਨਮ ਜਨਮ ਤੋਂ ਸਾਈਆਂ।
ਨਿਕੜੇ ਵਿੱਚ ਕਾਸੇ ਤੂੰ ਮੇਰੇ,
ਏਵਡ ਦਾਤਾਂ ਪਾਈਆਂ।
ਏਹ ਭਰਿਆ ਵੀ ਖਾਲੀ ਵਰਗਾ,
ਹੋਰ ਹੋਰ ਪਿਆ ਮੰਗੇ,
ਨਾ ਅੱਕੇਂ, ਨਾ ਝਿੜਕ ਹਟਾਵੇਂ,
ਤੇਰੀਆਂ ਇਹ ਵਡਿਆਈਆਂ।

# ਰਸ ਦਾ ਮੁੱਲ

ਜਿਨ੍ਹਾਂ ਤੋੜ ਹਟਾਏ ਕੰਡੇ,
ਫੁਲ ਉਨ੍ਹਾਂ ਹੱਥ ਆਇਆ।
ਛਾਪਾ ਮਾਰ ਹਟਾਵਨ ਮੱਖੀਆਂ,
ਸ਼ਹਿਦ ਉਨ੍ਹਾਂ ਹੀ ਪਾਇਆ।
ਮੱਖੀਆਂ ਵਾਂਗਰ ਉਸਤਤ ਨਿੰਦਾ,
ਲੋਕ ਲਾਜ ਸਭ ਕੰਡੇ,
ਤੋੜ ਵਿਛੋੜ ਦਲਣ ਤਲ ਪੈਰਾਂ,
ਜੇ ਲੋੜੇਂ ਰਸ ਆਇਆ !



*Original with:*
Language Department Punjab
*Digitized by:*
Panjab Digital Library

# ਦਿਲ ਕਾਬਾ

ਬਾਹਮਣ ਦੇ ਬੁਤ ਤੋੜਨ ਖਾਤਰ,
ਜਦ ਮੁੱਲਾਂ ਹੱਥ ਚਾਇਆ।
ਗ਼ੈਬੋਂ ਇਕ ਅਵਾਜ਼ ਪਈ ਸੂ,
ਅੱਲਾ ਆਖ ਸੁਣਾਇਆ:
'ਬੁਤ ਵਿਚ ਦਿਲ ਤੇ ਦਿਲ ਘਰ ਮੇਰਾ,
ਉਹ ਟੁਟਸਨ ਇਹ ਟੁਟਸੀ,
ਕੁਫ਼ਰੋਂ ਇਹ ਇਸਲਾਮ ਮੰਦੇਰਾ,
ਕਿਉਂ ਤੇਰੇ ਮਨ ਭਾਇਆ'?

# ਭਲੇ

ਰਾਹ ਜਾਂਦੇ ਬਦਾਮ ਇਕ ਮੈਨੂੰ.
ਚੁੱਕ ਫੜਾਇਆ ਯਾਰ।
ਸੁੱਕਾ ਅਤ ਕਰੜਾ ਸੀ ਉੱਤੋਂ,
ਭੰਨ ਕੀਤਾ ਦੋ ਫਾੜ।
ਗਿਰਿ ਨਿਕਲੀ ਵਿੱਚੋਂ ਅਤ ਮਿੱਠੀ,
ਸੱਚ ਕਿਹਾ ਗੁਰ ਪੂਰੇ,
'ਜਿਨ ਪਟ ਅੰਦਰ ਬਾਹਰ,
ਗੁੱਦੜ ਤੇ ਭਲੇ ਸੰਸਾਰ'।



*Original with:*
Language Department Punjab
*Digitized by:*
Panjab Digital Library

## ਸਿੱਕ

ਵਿੱਚ ਅੰਧੇਰੇ ਵੇਹੜੇ ਮੇਰੇ,
ਕਦ ਆ ਜੋਤ ਜਗਾਸੋ।
ਹਿਰਦੇ ਸੇਜ ਨਿਮਾਣੀ ਦੇ,
ਪਰ ਆਸਣ ਕਦੋਂ ਜਮਾਸੋ।
ਪੰਚ ਦੂਤ ਦੋਖੀ ਚਮਗਿੱਦੜ,
ਚਾਨਣ ਤਕ ਨਸ ਜਾਸਨ,
ਨੈਣ ਕਟੋਰੇ ਭਰ ਭਰ ਛਿੜਕਾਂ,
ਕਦ ਆਸੋ ਰੰਗ ਲਾਸੋ?

## ਵਿਓਗਣਿ

ਮਾਹੀ, ਰਾਹੀ, ਕਾਹਦਾ ਸਾਵਣ ?
ਰਾਮ ਕਰ ਨਾ ਗੱਜੇ।
ਬਿੱਜਲਿ ਚਿਣਗ ਚੁਆਤੀ ਚਮਕੇ,
ਬੂੰਦ ਬਾਣ ਜਿਉਂ ਲੱਗੇ।
ਪੀਆ, ਪੀਆ ਬਕੇ ਪਪੀਹਾ,
ਲੂਣ ਫੱਟਾਂ ਤੇ ਛਿਣਕੇ,
ਪੀਂਘਾਂ ਪਾਵਣ ਸਾਵਣ ਸਈਆਂ,
ਮੈਂ ਰੋਵਾਂ ਮੂੰਹ ਕੱਜੇ।



*Original with:*
Language Department Punjab
*Digitized by:*
Panjab Digital Library

# ਆਪਾ ਗਵਾਉਨ

ਪੱਤ-ਝੜ ਦੀ ਰੁੱਤੇ ਪੀਲਾ ਹੋ,
ਪੱਤਾ ਡਾਲੋਂ ਟੁੱਟਾ।
ਰੋ ਰੋ ਦੂਜੇ ਵਰਜਣ, ਯਾਰਾ!
ਨਾ ਜਾ, ਰਹੁ ਚਮੁੱਟਾ।
'ਰੋਇਆਂ ਰਹਿਣ ਨਾ ਦੇਸੀ ਕੋਈ,
ਰੂੜੀ ਬਣ ਪੈ ਜੜ ਤੇ,
ਆਊ ਫੇਰ ਬਹਾਰ ਖਿੜਾ ਦੇ,
ਜਾਂ ਪੱਤ-ਝੜ ਬਲ ਮੁੱਕਾ'।

# ਸੰਗਤ ਮਿਲ ਬੈਠਣ

ਪਾਨ, ਸਪਾਰੀ, ਕੱਥਾ, ਚੂਨਾ,
ਮਿਲੇ ਲਬਾਂ ਰੰਗ ਹੋਇਆ।
ਫੁਲ, ਡਾਲੀ, ਪੱਤੇ ਸਭ ਜੋੜੇ,
ਤਾਂ ਗ਼ੁਲਦਸਤਾ ਸੋਹਿਆ।
ਉੱਚੇ, ਨੀਵੇਂ, ਗੋਰੇ, ਕਾਲੇ,
ਭੋਲੇ ਤੇ ਵੱਡ ਦਾਨੇ,
ਜਾਂ ਕੱਠੇ ਹੋ ਇੱਕ ਥਾਂ ਬੈਠੇ,
ਫਜ਼ਲ ਇਲਾਹੀ ਹੋਇਆ।



*Original with:*
Language Department Punjab
*Digitized by:*
Panjab Digital Library

# ਇਕ ਦਿਲ

ਦਰ ਤੇਰੇ ਤੱਕ ਬੈਠੀ ਬੌਰੀ,
ਲੋਕ ਗਿਰਦ ਹੋਏ ਸਾਰੇ।
ਜੰਨਤ ਦੇ ਕੋਈ ਲੋਭ ਦਿਖਾਵੇ,
ਕੋਈ ਸੁਰਗ ਦੇ ਲਾਰੇ।
ਪੰਜ ਸਤ ਜੇ ਦਿਲ ਹੁੰਦੇ ਸਾਈਆਂ,
ਇੱਕ ਇੱਕ ਕਰ ਦੇ ਦੇਂਦੀ;
ਇੱਕ ਦਿਲ ਸੀ, ਦੇ ਬੈਠੀ ਤੇਨੂੰ,
ਹੋਰ ਨਾ ਚਲਦੇ ਚਾਰੇ।

# ਰਾਮ ਬਿਓਗੀ

ਸੂਲੀ ਹੱਸ ਮਨਸੂਰ ਚੜ੍ਹੇ ਜਦ,
ਸ਼ੱਮਸ ਖੱਲ ਲੁਹਾਈ।
ਦਾਨੇ ਲੋਕੀ ਕਹਿਣ ਦੀਵਾਨੇ–
–ਜਾਂਦੇ ਜ਼ਿੰਦ ਗੁਵਾਈ।
ੱਚ ਦਿੱਤਾ ਸੱਚ ਲਿਆ ਜਿਨ੍ਹਾਂ,
ਸਿੱਪ ਭੰਨਾ, ਲਏ ਮੋਤੀ।
ਪਾਗਲ ਉਨ੍ਹਾਂ ਪਾਗਲ ਆਖਣ,
ਜਿਨ੍ਹਾਂ ਐਡਾ ਕਮਾਈ।



*Original with:*
Language Department Punjab
*Digitized by:*
Panjab Digital Library

## ਗੈਰਾਂ ਦੀ ਮੁਹਤਾਜੀ

ਚੰਨ ਤਾਈਂ ਮੈਂ ਪੁਛਣ ਲੱਗਾ,
ਜਾਂ ਪੁੰਨਿਆਂ ਦਾ ਚੜ੍ਹਿਆ।
ਤੇਰੇ ਤੱਨ ਨੂਰੀ ਵਿਚ ਲੱਗਾ,
ਦਾਗ਼ ਕਿਉਂ ਕਾਲਾ ਅੜਿਆ ?
ਚਾਨਣ ਨਹੀਂ ਮੇਰਾ ਇਹ ਅਪਣਾ,
ਮੰਗ ਕਿਸੇ ਤੋਂ ਵਰਤਾਂ,
ਦਾਗ਼ ਨਹੀਂ, ਮੁਹਤਾਜੀ ਗੈਰਾਂ,
ਸਹਿ ਮੇਰਾ ਮਨ ਸੜਿਆ।

## ਪ੍ਰੀਤ ਰੀਤ ਫਾਹੀ

ਸੀਤ ਰੁੱਤ ਆਈ ਸਰ ਸੁੱਕੇ,
ਕੰਵਲ ਵੀ ਖਿੜਨੋ ਰਿਹਾ।
ਭੰਵਰੇ ਤੇ ਪੰਛੀ ਸਭ ਉੱਡੇ,
ਹੋਰ ਆਸਰਾ ਲਿਹਾ।
ਹੁਸਨ ਗ੍ਰਾਹਕ ਸਾਰੇ ਉਡ ਗਏ,
ਰਹੀ ਇਕੱਲੀ ਮੱਛੀ,
ਪ੍ਰੀਤ ਰੀਤ ਫਾਹੀ ਜੋ ਫਾਥੇ,
ਆਵਣ ਜਾਣਾ ਰਿਹਾ।



*Original with:*
Language Department Punjab
*Digitized by:*
Panjab Digital Library

# ਕਾਲਾ ਭੌਰ

ਮਾਲੀ ਨੂੰ ਪੁੱਛਿਆ ਮੈਂ, "ਯਾਰਾ—
ਏਹ ਭੰਵਰੇ ਮਤਵਾਲੇ।
ਫੁੱਲਾਂ ਦੇ ਆਸ਼ਕ, ਫਿਰ ਕਿਉਂ,
ਨੇ ਮੁਖ ਪੀਲੇ ਤਨ ਕਾਲੇ ?
'ਆਸ਼ਕ ਨਹੀਂ, ਏਹ ਲੋਭੀ ਭੂੰਵਰੇ,
ਕਲੀ ਕਲੀ ਰਸ ਲੈਂਦੇ,
ਮੈਲੇ ਵੇਸ ਸਦਾ ਓਨ੍ਹਾਂ ਦੇ,
ਜੋ ਲਾਕੇ ਨਾ ਪਾਲੇ।'

# ਊਚੇ ਨੂੰ ਫਲ ਨਾਹੀਂ

ਗੁਲ-ਮਰਗੇ ਫਿਰਦੇ ਸਾਧੂ ਨੂੰ,
ਮੈਂ ਕਿਹਾ ਦੱਸ 'ਸਾਂਈ'।
ਬਾਗ਼, ਫੁੱਲ, ਮੇਵੇ, ਡਲ੍ਹ ਕੰਢੇ,
ਐਥੇ ਕਿਉਂ ਕੁਝ ਨਾਹੀਂ ?
ਡਲ੍ਹ ਨੀਵਾਂ, ਬੂਟੇ ਉਸ ਨੀਵੇਂ,
ਇਹ ਉੱਚਾ ਰੁਖ ਉੱਚੇ,
ਨੀਵੇਂ ਸਦਾ ਫਲਨ ਜਗ ਅੰਦਰ,
ਉਚੇ ਨੂੰ ਫਲ ਨਾਹੀਂ।



*Original with:*
Language Department Punjab
*Digitized by:*
Panjab Digital Library

# ਗੁੱਟ ਮਹਾਂ ਰੱਸ ਭਰਿਆ

ਸ਼ਹੁ ਸਾਗਰ ਜਾ ਡਿੱਠਾ ਮੈਂ ਸੀ,
ਦੋ ਰੰਗਾਂ ਵਿਚ ਅੜਿਆ।
ਬੜ੍ਹਕੇ ਸ਼ੋਰ ਮਚਾਵੇ ਉਤੋਂ,
ਹੇਠੋਂ ਸੀ ਚੁਪ ਕਰਿਆ।
ਉਤਲੇ ਹਿੱਸੇ ਘੋਗੇ ਕੌਡਾਂ,
ਥੱਲੇ ਮਾਣਕ ਮੋਤੀ,
ਸ਼ੋਰ ਮਚਾਵਨ ਫੋਕੇ ਵਾਇਜ਼,
ਗੁੱਟ ਮਹਾਂ ਰਸ ਭਰਿਆ।

# ਦਿਲ ਦੀ ਲਾਹਿ ਭਰਾਂਦਿ

ਵਿੱਚ ਪਹਾੜਾਂ ਪਾਂਧੀ ਨੂੰ ਜਾਂ,
ਬਿੱਛੂ ਲਗ ਤੜ੍ਹਪਾਇਆ।
ਪਾਲਕ ਵੀ ਨਾਲੇ ਸੀ ਉੱਗੀ,
ਜੋ ਮਲਿਆਂ ਸੁਖ ਆਇਆ।
ਜੋੜੀ ਬਣੀ ਅਜਾਇਬ ਡਿੱਠੀ,
ਨਾਲ ਦਰਦ ਦੇ ਦਾਰੂ;
ਜਾਂ ਤੂੰ ਸਾਹਿਬ ਐਵਡ ਦਰਦੀ,
ਕਿਉਂ ਬੰਦੇ ਗ਼ਮ ਖਾਇਆ।



*Original with:*
Language Department Punjab
*Digitized by:*
Panjab Digital Library

# ਅਮਿਟ ਤਾਂਘ

ਹੀਰ ਮੋਈ ਮੁੱਦਤ ਜਦ ਹੋਈ,
ਕਬਰੇ ਜੁੜੀ ਲੁਕਾਈ।
ਆਖਣ ਇਸ਼ਕ ਸਿਦਕ ਵਿਚ ਸੱਚੀ,
ਧੰਨ ਚੂਚਕ ਦੀ ਜਾਈ।
ਚੜ੍ਹੀਆਂ ਨਜ਼ਰ ਨਿਆਜ਼ਾਂ ਭੇਟਾਂ,
ਹਿੰਦੂ ਮੁਸਲਿਮ ਪੂਜਾਂ,
ਮਤਾ ਮਜੌਰ ਪਕਾਵਣ ਲੱਗੇ,
ਗੁੰਬਜ਼ ਦਿਓ ਬਣਾਈ।

——0——

ਕਬਰੋਂ ਇਕ ਅਵਾਜ਼ ਆਈ ਤਦ,
ਜੋ ਜੀ ਕਰੇ ਬਣਾਵੇ।
ਮੰਦਰ, ਚਾਰ ਦਿਵਾਰੀ ਵਲ ਲਏ,
ਲਿੱਲਾ ਛੱਤ ਨਾ ਪਾਵੇ।
ਦੇਹ ਮੋਈ, ਨਹੀਂ ਮੋਇਆ ਨੇਹੁੰ,
ਵਿਚ ਤਾਂਘ ਉਤਾਂਹ ਨਿਤ ਤੱਕਾਂ,
ਰਾਂਝਣ ਯਾਰ ਨ ਮਿਲਿਆ ਫ਼ਰਸ਼ੇਂ,
ਮਤ ਅਰਸ਼ੋਂ ਢਲ ਆਵੇ।

Original with:
Language Department Punjab
Digitized by:
Panjab Digital Library

# ਵਡਮੁੱਲੀ ਰਾਸ

ਘਾ ਸਿਰ ਤੇ ਚੁਕ ਨਿਰਧਨ ਆਸ਼ਕ*,
ਵਲ ਮਹਿਬੂਬਾਂ ਧਾਇਆ।
ਸ਼ਾਹ-ਦੁਨੀ ਪਿੱਛੇ ਲਗ ਤੁਰਿਆ,
ਲੈਨ ਦੀਨ ਸ਼ਾਹ ਆਇਆ।
ਦੀਨ ਦੁਨੀ ਦੋਹਾਂ ਮੁਲ ਵਿੱਕੇ,
ਰਾਸ ਇਸ਼ਕ ਵਡ-ਮੁੱਲੀ।
ਪੱਲੇ ਪੂੰਜੀ ਪ੍ਰੀਤ ਜਿਨ੍ਹਾਂ,
ਤਿਨ ਆਲੀ ਰੁਤਬਾ ਪਾਇਆ।

# ਐਬ-ਪੋਸ਼ ਖਾਕ

ਖਾਕ ਹੋਇਆ ਜਦ ਖਾਕ ਸੰਗ ਮੈਂ,
ਖਾਕੀ ਕਰੀ ਵਿਛਾਈ।
ਲੇਖੇ ਨੂੰ ਦੋ ਦੂਤੀ ਆਏ,
ਪੱਤਰੀ ਕੱਢ ਵਿਖਾਈ।
ਮੈਂ ਕੇਹਾ, ਭਲਿਓ ! ਜਿਉਂ ਖਾਕੀ,
ਚਾਦਰ ਦਾਗ ਨ ਦਿਸਦੇ।
ਮੇਰੇ ਲੇਖ ਗੁਨਾਹਾਂ ਵਾਲੇ,
ਲੀਤੇ ਨੇ ਖਾਕ ਛੁਪਾਈ।

---

*ਦਿਲੀ ਦਾ ਘਸਿਆਰਾ ਸਿਖ ਛੇਵੀਂ ਪਾਤਸ਼ਾਹੀ ਦੇ ਸਮੇਂ।



Original with:
Language Department Punjab
Digitized by:
Panjab Digital Library

## ਦੂਜਾ ਸਾਵਣ

ਪਾਵਸ ਰੁਤ ਆਈ, ਅੰਬਰ ਤੇ,
ਮੇਘ ਘਟਾਂ ਘੁਰਿ ਆਵਣ।
ਸਈਆਂ ਹਾਰ ਸ਼ਿੰਗਾਰ ਲਗਾਵਣ,
ਗਾਵਣ, ਪੀਂਘ ਚੜ੍ਹਾਵਣ।
ਨਾ ਆਵਣ ਘਰ, ਔਖ ਲੰਘਾਵਣ,
ਸੀ ਮੈਨੂੰ ਇਕ ਸਾਵਣ।
ਛਮ ਛਮ ਬਰਸਣ ਨੈਣ ਬਾਵਰੇ,
ਦੂਜਾ ਸਾਵਣ ਲਾਵਣ।

## ਜੋੜ ਵਿਛੋੜ

ਸੂਈ ਸਿਰ ਵਿਚ ਟੰਗੀ ਬੈਠਾ,
ਦਰਜ਼ੀ ਕਪੜੇ ਸੀਵੇਂ।
ਪੈਰਾਂ ਹੇਠ ਦਬਾਈ ਕੈਂਚੀ,
ਮੈਂ ਪੁੱਛਿਆ: 'ਸੁਣ ਜੀਵੇਂ।
ਨਿਕੜੀ ਸੂਈ ਸਿਰ ਚੜ੍ਹ ਬੈਠੀ,
ਵਡ-ਕੈਂਚੀ ਤਲ ਪੈਰਾਂ ?'
"ਜੋ ਗੰਢਣ ਤਿਨ੍ਹ ਉੱਚਾ ਮਰਤਬੇ,
ਜੋ ਪਾੜਨ ਸਦ ਨੀਵੇਂ।"



*Original with:*
Language Department Punjab
*Digitized by:*
Panjab Digital Library

# ਖ਼ਾਲੀ ਤੇ ਭਰਿਆ

ਪਾਣੀ ਭਰਨ ਗਈ ਇਕ ਸੁੰਦਰ,
ਹੱਥ ਘੜਾ ਪਲਮਾਈ।
ਖੂਹ ਤੇ ਪੁਜ ਗਲ ਰੱਸੀ ਪਾ ਕੇ,
ਦਿੱਤਾ ਜਾਂ ਲਟਕਾਈ।
ਹਾ ਰੱਬਾ ! ਕਹੀਆਂ ਨੇ ਪੁਟਿਆ,
ਚਕ ਚੜ੍ਹਿਆ ਭਠ ਭੁੱਜਾ,
ਏਵਡ ਕਠਨ ਤਪੱਸਿਆ ਕੀਤੀ,
ਫਿਰ ਵੀ ਗਲ ਵਿਚ ਫਾਹੀ।

——0——

ਹਸ ਕਿਹਾ ਸੁੰਦਰਿ ਨੇ, ਬੀਬਾ !
ਕਿਸ ਗਲ ਤੇ ਘਬਰਾਇਆ ?
ਹਠੀਏ ਤਪੀ ਦਿਲਾਂ ਦੇ ਥੋਥੇ,
ਅੰਦਰ ਕੁਝ ਨਹੀਂ ਪਾਇਆ।
ਸਿਰ ਨੀਵਾਂ ਕਰ ਡੁਬਿ ਵਿਚ ਪਾਣੀ,
ਜਦੋਂ ਲਬਾਲਬ ਭਰਿਆ,
ਖਿੱਚ ਉਤਾਹਾਂ, ਲਾਹ ਗਲ ਫਾਸੀ,
ਛੈਲ ਕੁੜੀ ਸਿਰ ਚਾਇਆ।



Original with:
Language Department Punjab
Digitized by:
Panjab Digital Library

## ਸੁਖ਼ਨ ਸੂਰਾ

ਸਿਰ ਛਾਬੀ ਚੁੱਕੀ ਜਾਏ ਜੇਠਾ,
ਜਾਂ ਮਾਤਾ ਤਕ ਲਿਆ।
'ਇਹੋ ਜਿਹਾ, ਭਾਨੀ ਵੰਰ ਹੋਵੇ,
ਮਨ ਭਾਣਾ' ਇਮ ਕਹਿਆ।
ਪੀਰਾਂ ਪੀਰ ਗਹੀਰ ਸਤਿਗੁਰੂ,
ਅਮਰ ਦਾਸ ਹਸ ਬੋਲੇ:
"ਇਕ ਵਰਗਾ ਨਹੀਂ ਬਣਿਆਂ ਦੂਜਾ,
ਇਹ ਹੈ ਇਹੋ ਜਹਿਆ"।

## ਸਾਊ ਨੂੰ ਸਲਾਹ

ਆ ਬਣੇ ਭੀੜ ਕਬੀਲੇ ਤੇ,
ਤਾਂ ਜਿੰਦੜੀ ਘੋਲ ਘੁਮਾਵੀਂ।
ਕੌਮ ਕਿਸੇ ਥਾਂ ਫੱਸ ਜਾਵੇ,
ਤਾਂ ਵਾਰ ਕਬੀਲਾ ਆਵੀਂ।
ਕੌਮ ਕਰੀਂ; ਕੁਰਬਾਨ ਕਦੀ,
ਜੇ ਲੋੜ ਦੇਸ ਨੂੰ ਵਾਪੇ,
ਦੇਸ, ਕੌਮ, ਕੁਲ ਵਾਰ ਦਈਂ,
ਪਰ ਧਰਮੋਂ ਡਲ ਨ ਜਾਈਂ।



*Original with:*
Language Department Punjab
*Digitized by:*
Panjab Digital Library

# ਮਿਹਰਾਮਤ

ਰੋਜ਼ ਹਸ਼ਰ ਨੂੰ ਅੱਲਾ ਦੇ ਦਰ,
ਤੇ ਜਾਂ ਰੋਂਦਾ ਜਾਸਾਂ।
ਨੈਣੋਂ ਨੀਰ ਵਹਾਕੇ ਅਪਣੇ,
ਦਾਗ਼ ਜਾਂ ਧੋਂਦਾ ਜਾਸਾਂ।
ਦੀਨ ਦਸ਼ਾ ਤੱਕ ਕੇ ਜਦ ਮੇਰੀ,
ਮੌਲਾ ਮੇਹਰ ਕਰਨ ਗੇ,
ਦੇਖ ਫਰਿਸ਼ਤੇ ਤਰਸਣਗੇ,
ਜਿਹਾ ਗੋਰਾ ਹੁੰਦਾ ਜਾਸਾਂ।

# ਮਾੜੀ ਕੌਮਾਂ

ਮੰਦ ਭਾਗੀ ਕੌਮਾਂ ਦਾ ਜਗ ਵਿਚ,
ਹੈ ਦਿਨ ਰਾਤੀਂ ਚਾਲਾ।
ਭਗਤਾਂ ਸੰਗ ਭਰੇ ਦਿਸ ਆਵਣ,
ਮਸਜਦ ਮੰਦਰ ਸ਼ੁਆਲਾ,
ਰੱਬ ਤਾਈਂ ਸਭ ਕੋਈ ਪੂਜੇ,
ਰਜ਼ਾ ਨ ਮੰਨੇ ਕੋਈ,
ਕਿਉਂ ਕਰ ਦੂਰ ਅੰਧੇਰਾ ਹੋਵੇ,
ਮਿਲੇ ਜਾਏ ਅਰਸ਼-ਉਜਾਲਾ।
[ਬਰਨਾਰਡ ਸ਼ਾਹਾ ਦੇ ਅਧਾਰ ਤੇ।



Original with:
Language Department Punjab
Digitized by:
Panjab Digital Library

# ਨਿਸ਼ਫਲ ਯਤਨ

ਜਗ ਵਿਚ ਰੀਤ ਨਿਰਾਲੀ ਚੱਲੀ,
ਜੋ ਪਈ ਰੰਗ ਦਿਖਾਵੇ।
ਹਰ ਥਾਂ ਝਗੜੇ ਝੇੜੇ,
ਰੋਲਾ; ਗੋਲਾ, ਹੌਕੇ, ਹਾਵੇ।
ਕੌਮਾਂ ਤੇ ਕੌਮਾਂ ਨੇ ਚੜ੍ਹੀਆਂ,
ਦੇਸ਼ ਦੇਸ਼ ਟਕਰਾਏ,
ਹੋਰ ਮੱਲੋ, ਕੁਝ ਹੋਰ ਲਓ,
ਹਰ ਤਰਫੋਂ ਇਹ ਸੱਦ ਆਵੇ।

——0——

ਲੈਣ ਖੋਹਣ ਕਾਰਣ ਇਹ ਦੁਨੀਆਂ,
ਜਦ ਤਕ ਫਾਹੀ ਤਣਸੀ।
'ਮੇਰੇ ਹੀ ਆ ਜਾਵੇ ਸਭ ਕੁਝ,
ਇਹ ਸਭ ਦੇ ਮਨ ਠਣਸੀ।
ਅਮਨ ਚੈਨ ਹੋਣਾ ਨਹੀਂ ਇਥੇ,
ਸੁਖ ਦੀ ਨੀਂਦ ਨਾ ਆਸੀ,
ਯਤਨ ਨਿਰਾਰਥ ਜਾਵਣਗੇ ਸਭ,
ਹਰਗਿਜ਼ ਬਾਤ ਨ ਬਣਸੀ।



*Original with:*
Language Department Punjab
*Digitized by:*
Panjab Digital Library

# ਮਨੁੱਖ ਨੂੰ

ਧੁੱਪ ਵਿਚ ਸੁੱਕਾ ਪਹਿਲੋਂ,
ਪਿਛੋਂ ਛੱਜ ਵਿਚ ਤਨ ਛੜਵਾਇਆ ।
ਭੀੜੀ ਲੰਘ ਪੋਹ ਦੀ ਨਾਲੀ,
ਸਿਰ ਪਰਨੇ ਹੋ ਆਇਆ ।
ਧਰਤੀ ਡਿੱਗਾ, ਹੋ ਦੋ ਫਾੜੇ,
ਅਪਣਾ ਆਪ ਗੁਆਕੇ,
ਉਗਿਆ ਵਧਿਆ ਫੁਲਿਆ ਆਖਰ,
ਬੀਜ, ਬੋਹਲ ਬਣ ਆਯਾ ।

——0——

ਜੇ ਲੋੜੇਂ ਵਡਿਆਈ ਬੰਦੇ,
ਵਾਂਙ ਬੀਜ ਦੇ ਘਣ ਤੂੰ ।
ਕਰ ਕੁਰਬਾਨ ਨਿਮਾਣਾ ਹੋਕੇ,
ਕੀ ਮਨ ਤੇ ਕੀ ਤਨ ਤੂੰ ।
ਤਨ ਤੇ ਤਾਪ ਸਹਾਰੀ ਜਾਵੀਂ,
ਭੀੜ ਪਈ ਨਾ ਭੱਜੀਂ,
ਕਤਰੇ ਵਾਂਙ ਸਮੁਦਰ ਰਲਕੇ,
ਆਪ ਸਮੁੰਦਰ ਬਣ ਤੂੰ ।



*Original with:*
Language Department Punjab
*Digitized by:*
Panjab Digital Library

# ਭਰਮੀ ਬਾਹਮਣ

ਆਹਿੰਸਾ ਆਹਿੰਸਾ ਕਹਿ ਕਹਿ,
ਬਾਹਮਣ ਡੰਡ ਮਚਾਈ।
ਸੂਰ, ਬਲੀ ਬੀਰਾਂ ਦੀ ਇਸ ਨੇ,
ਦਿੱਤੀ ਕੰਡ ਲੁਆਈ।
ਜੀਵ ਨ ਮਾਰੋ, ਖ਼ੂਨ ਨ ਡੋਲੋ,
ਸ਼ਸਤਰ ਨਾ ਹੱਥ ਲਾਵੋ,
ਬਾਂਕੀ ਹਾਰ ਸ਼ਿੰਗਾਰੀ ਭੂਮੀ,
ਦਿੱਤੀ ਰੰਡ ਬਿਠਾਈ।

——0——

ਪਾਪ ਪੁੰਨ ਦਾ ਭੇਦ ਨ ਜਾਤਾ,
ਪਿਟਦਾ ਰਿਹਾ ਲਕੀਰਾਂ।
ਨਿਰਬਲ ਨੂੰ ਮਾਰਨ ਦੁਖ ਦੇਵਣ,
ਹਿੰਸਾ ਕਹੀ ਫਕੀਰਾਂ।
ਰੋਗਾਂ ਦੇ ਕੀੜੇ, ਸੱਪ ਜ਼ਹਿਰੀ,
ਤੇ ਹਲਕਾਏ ਕੁੱਤੇ।
ਹੈਨ ਤਿਵੇਂ ਜਰਵਾਣੇ ਜ਼ਾਲਮ,
ਜੋ ਦੁਖ ਦੇਣ ਅਧੀਰਾਂ।



*Original with:*
Language Department Punjab
*Digitized by:*
Panjab Digital Library

# ਭੁਲਾ ਜੋਗੀ

ਹਾ ਹੂ ਸ਼ੋਰ ਦੁਨੀ ਤੋਂ ਡਰ ਕੇ,
ਜੋਗੀ ਪਰਬਤ ਚੜ੍ਹਿਆ।
ਮਾਇਆ ਛੋਡ ਕਪਾਲੀ ਆਸਣ,
ਲਾ ਕੰਦਰ ਵਿੱਚ ਵੜਿਆ।
ਦੀਨ ਦੁਖੀ ਦੀਆਂ ਆਹੀਂ ਚੀਖ਼ਾਂ,
ਸੁਣ ਨਾ ਖੁਲੀ ਸਮਾਧੀ।
ਕਠਨ ਤਪੱਸਜਾ ਕਰ ਕਰ ਓੜਕ,
ਜਦੋਂ ਉਚੇਰਾ ਚੜ੍ਹਿਆ।

—0—

ਦਾਤਾ ਦੇ ਦਰ ਬੰਦ ਸੀ ਬੂਹੇ,
ਲਿਖਿਆ ਸੀ: 'ਮੁੜ ਜਾ ਤੂੰ।
ਕਾਇਰ ਹਠੀ ਕਮੀਨੇ ਪਾਜੀ!
ਨਾ ਬੂਹਾ ਖੜਕਾ ਤੂੰ।
ਖਲਕਤ ਦਾ ਨਾ ਦਰਦ ਵੰਡਾਵੇਂ,
ਖਾਲਕ ਲੋੜੇਂ ਮਿਲਣਾ;
ਇਹ ਨਹੀਂ ਆਦ ਜੁਗਾਦੀ ਹੋਇਆ,
ਭੁੱਲ ਨਾ ਮਨ ਭਰਮਾ ਤੂੰ।



*Original with:*
Language Department Punjab
*Digitized by:*
Panjab Digital Library

# ਟੁੱਟਾ ਡੂੰਨਾ

ਸੜਕ ਉਤੇ ਡਿੱਠਾ ਮੈਂ ਇਕ ਦਿਨ,
ਡੂੰਨਾ ਸੀ ਇਕ ਪਇਆ।
ਵਿੰਗਾ, ਟੁੱਟਾ, ਲਿੱਬੜਿਆ ਸੀ,
ਇਕ ਵੱਖੀ ਤੇ ਢਹਿਆ।
ਜਾਂ ਪੁੱਛਯਾ: 'ਕੱਲ ਤੂੰ ਸੀ ਯਾਰਾ,
ਇਕ ਸੁੰਦਰਿ ਹੱਥ ਫੜਿਆ,
ਕੀ ਬੀਤੀ ਅਜ ਹੋਇ ਨਿਮਾਣਾ,
ਰਾਹ ਤੇ ਹੈਂ ਰੁਲ ਰਹਿਆ?'

——0——

ਓਸ ਕਿਹਾ: 'ਨਾਚੀਜ਼ ਨਿਮਾਣਾ,
ਹਾਂ ਪੱਤਯਾਂ ਦਾ ਡੋਨਾ,
ਕੱਲ ਮੈਂ ਵਿਚ ਹਲਵਾਈ ਪਾਇਆ,
ਮਿੱਠਾ ਖਾਜ ਸਲੋਨਾ।
ਬਾਂਕੇ ਨੈਣ ਸਲੋਨੇ ਵਾਲੀ,
ਤਦੇ ਹੱਥ ਸੀ ਫੜਿਆ,
ਅਪਣੀ ਜ਼ਾਤ ਮਿਟੀ ਵਿਚ ਮੇਰਾ,
ਕੀ ਹੋਨਾ ਨਾ ਹੋਨਾ!'



*Original with:*
Language Department Punjab
*Digitized by:*
Panjab Digital Library

# ਪਰਮਾਰਥ ਦਾ ਸ਼ਾਹ

ਨੂਰੀ ਖੰਡ 'ਚ ਨੂਰੀ ਲੋਕਾਂ,
ਮਹਿਫਲ ਅਜਬ ਲਗਾਈ।
ਨੂਰ ਭਰੇ ਮੁੱਖਾਂ ਤੋਂ ਬਰਸੇ,
ਸ਼ਾਂਤ ਸਹਿਜ ਰੁਸ਼ਨਾਈ।
ਬੀਤ-ਰਾਗ ਇਕ ਹੱਸਕੇ ਬੋਲੇ,
'ਪਤਾ ਨਹੀਂ ਜਿਉਂ ਸ਼ਾਹਾਂ,
ਤੇਗ ਬਹਾਦਰ ਦੇ ਪੁੱਤ ਸਾਧੂ,
ਕਲਗ਼ੀ ਕਿਉਂ ਸਿਰ ਲਾਈ?'

——o——

ਸੁਣ ਬੋਲੇ ਇਕੱਠੇ ਹੋ ਸਾਰੇ,
'ਸੁਣਹੋ ਸੱਜਣ ਪਿਆਰੇ!
ਪਰਮਾਰਥ ਦਾ ਰਾਹ ਸੀ ਬਿਖੜਾ,
ਸਨ ਪੈਂਦੇ ਵਡ ਧਾੜੇ।
ਰਾਹੀਆਂ ਦੀ ਰਖਵਾਲੀ ਕਾਰਨ,
ਲੋੜ ਸਿਗੀ ਇਕ ਸ਼ਾਹ ਦੀ,
ਕਲਗ਼ੀਧਰ ਧੁਰਾਂ ਤੋਂ ਟਿੱਕਯਾ,
(ਜਿਨ) ਫੜ ਪੰਜ ਦੂਤ ਪਛਾੜੇ।



*Original with:*
Language Department Punjab
*Digitized by:*
Panjab Digital Library

# ਪ੍ਰਚਾਰਕ ਦਾ ਦਿਲ

ਦਿਲ–ਸਾਗਰ ਸਾਗਰ ਦੇ ਵਾਂਗਰ,
ਸੀ ਅਤ ਡੂੰਘਾ ਅੜਿਆ।
ਦਾਨਸ਼, ਅਕਲ, ਹੁਨਰ ਦੇ ਮੋਤੀ,
ਪਾ ਦਾਤਾ ਨੇ ਭਰਿਆ।
ਪਰ ਇਹ ਬਾਣ ਕੁਚੱਜੀ ਮੇਰੀ,
ਬਾਹਰ ਬੋਲ ਲੁਟਾਇਆ,
ਜਪ ਤਪ ਦੀ ਖੱਟੀ ਨਾ ਖੱਟੀ,
ਖਾਲੀ ਪਿਰ ਦਰ ਖੜਿਆ।

# ਉੱਤਰ

ਹੁਣ ਸੋਚਾਂ ਜਦ ਸਾਹਿਬ ਪੁਛਸੀ,
ਹਾਂ ਜਿਸਦਾ ਮੈਂ ਬਰਦਾ।
ਦੇਸਾਂ ਕੀ ਉੱਤਰ ਮੈਂ ਉਸਨੂੰ,
ਕਰ ਕਰ ਸੋਚਾਂ ਮਰਦਾ।
'ਕਾਠ ਕੀ ਪੁਤਰੀ ਕਹਾ ਕਰੈ,
ਬਪੁੜੀ ਖਿਲਾਵਨ ਹਾਰੋ ਜਾਨੇ,'
ਧੀਰ ਧਰਾਂ ਦਿਲ ਬਚਨ ਗੁਰਾਂ ਦਾ,
ਯਾਦ ਜਦੋਂ ਮੈਂ ਕਰਦਾ।



*Original with:*
Language Department Punjab
*Digitized by:*
Panjab Digital Library

# ਲੋੜਵੰਦੇ ਖੋਪੇ

ਹਰਟ ਜੁਪੇ ਬੌਲਦ ਤੋਂ ਪੁਛਿਆ,
'ਸੁਣ ਵਡ-ਕਾਮੇ ਯਾਰਾ !
'ਵਗਦੇ ਦੇ ਨੈਣਾਂ ਤੇ ਖੋਪੇ ?'
ਕੀ ਕੀਤਾ ਜਟ ਕਾਰਾ ?'
ਹੈਨ ਚੁਤਰਫੀ ਖੇਤ ਸੁਹਾਵੇ,
ਸੰਤ ਭਗਤ ਪਏ ਨ੍ਹਾਵਣ ;
ਇਕ ਦਰਸ਼ਨ ਤੋਂ ਵਿਰਵਾ ਦੂਜੇ,
ਠੋਕਰ ਠੁੱਡਾ ਮਾਰਾ ।'

—o—

ਬੌਲਦ ਨੇ ਕਿਹਾ, 'ਇਹ ਜਟ ਹੈ,
ਮੈਨੂੰ ਵਾਂਗ ਭਰਾਵਾਂ;
ਕਰਦੇ ਨਾਲ ਕਮਾਂਦਾ ਹਾਂ ਮੈਂ,
ਖਾਂਦੇ ਦੇ ਘਰ ਖਾਵਾਂ ।
ਸਾਰੀ ਉਮਰ ਫਿਰਾਂ ਵਿਚ ਚੱਕਰ,
ਕਦਮ ਨਾ ਵਧਦਾ ਅੱਗੇ;
ਖੋਪ ਨਾ ਅੱਖੀਂ ਜੇ ਹੋਵਣ,
ਮੈਂ ਤੱਕ ਕੇ ਮਰ ਜਾਵਾਂ ।'



*Original with:*
Language Department Punjab
*Digitized by:*
Panjab Digital Library

# ਬਿਰਹੋਂ ਸੱਲ

ਵਗਦਾ ਖੂਹ ਡਿਠਾ ਜਾ ਮੈਂ ਸੀ,
ਪਾਣੀ ਸ਼ੋਰ ਮਚਾਇਆ।
ਟਿੰਡਾਂ ਤੋਂ ਡਿੱਗਦਾ ਵੀ ਰੁੰਨਾ,
ਆਡ ਡਿੱਗਾ ਵਿਲਲਾਇਆ।
ਜਾਂ ਪੁੱਛਾਂ, 'ਕੀ ਹੋਇਆ ਤੈਨੂੰ ?
ਕਿਸ ਕਾਰਣ ਤੂੰ ਵਿਲਕੇਂ ?
ਘੁੱਪ-ਹਨੇਰ ਪਤਾਲੋਂ ਆ ਕੇ,
ਜਗ ਵੱਸਦਾ ਨਹੀਂ ਭਾਇਆ ?

———o———

ਕਹਿਣ ਲੱਗਾ, 'ਕੀ ਰੌਣਕ ਮੇਲੇ,
ਜਦ ਤਕ ਯਾਰ ਦੁਰਾਡਾ ?
ਸੈ ਕੋਹਾਂ ਦੀ ਦੂਰੀ ਵਸਦਾ,
ਸਾਗਰ ਯਾਰ ਅਸਾਡਾ।
ਮੈਂ ਜਾਤਾ ਹੁਣ ਨਿਕਲ ਉਤਾਹਾਂ,
ਬਹਿ ਸਾਗਰ ਵਲ ਜਾਸਾਂ,
ਬੱਝਾ ਖੇਤੀਂ ਜਾਂਦਾ ਰੋਵਾਂ,
ਬਿਰਹੋਂ ਦਾ ਸਲ ਡਾਢਾ।'



*Original with:*
Language Department Punjab
*Digitized by:*
Panjab Digital Library

# ਕੱਚੀਆਂ ਤੇ ਪੱਕੀਆਂ ਅੱਖਾਂ

ਕੁਰਬਾਨੀ ਬੱਕਰੀਦੇ ਮੁੱਲਾਂ,
ਦੁੰਬਾ ਇਕ ਮੰਗਵਾਇਆ ।
ਸੁੰਨਤ ਇਹ ਮੋਮਨ ਨੂੰ ਵਾਜਬ,
ਪਾਕ ਕੁਰਾਨ ਅਲਾਇਆ ।
ਇਬਰਾਹੀਮ ਖ਼ੁਦਾ ਦੇ ਆਸ਼ਕ,
ਭੇਟ ਚੜ੍ਹਾਇਆ ਬੇਟਾ ।
ਅੱਖਾਂ ਦੇਖ ਨਾ ਸਕੀਆਂ ਬਿਸਮਿਲ,
ਅੱਲਾ ਤਦ ਖਿਸਕਾਇਆ ।

—o—

ਕੱਚੀਆਂ ਕੱਚ ਕਮਾਇਆ ਅੱਖਾਂ,
ਜਾਂ ਪੱਕੇ ਨੇ ਪਾਈਆਂ ।
ਨਾਅਰੇ ਇਸ਼ਕ ਲਗਾਏ ਉੱਚੇ,
ਖਬਰਾਂ ਅਰਸ਼ ਪੁਚਾਈਆਂ ।
ਆਇਆ ਹੁਕਮ ਦਿਓ ਕੁਰਬਾਨੀ,
ਚਾਰੇ ਪਕੜ ਚੜ੍ਹਾਏ ।
ਤੱਕ ਕੇ ਲੋਕ ਮਲਾਇਕ ਬੋਲੇ,
ਵਾਹ ਰੰਗ-ਰੱਤੇ ਸਾਈਆਂ ।



*Original with:*
Language Department Punjab
*Digitized by:*
Panjab Digital Library

# ਛੋਹ

ਮੁਰਸ਼ਦ ਦੇ ਨੈਣਾਂ ਨੂੰ ਇਕ ਦਿਨ,
ਅਗਨੀ ਨੇ ਇਉਂ ਕਹਿਆ।
'ਕਾਲਖ ਕਰਨੀ ਦੂਰ' ਅਸਾਡਾ,
ਕੰਮ ਹੈ ਇੱਕੋ ਜਿਹਾ।
ਕਾਲੇ ਦਿਲਾਂ ਮਨੂਰਾਂ ਦੀ ਤੁਸਾਂ,
ਮਿਲਿਆਂ ਕਾਲਖ ਲਹਿੰਦੀ।
ਮੈਂ ਵਿਚਪਾਇਆਵੀਕੁਈਕੋਇਲਾ,
ਕਦੀ ਨਾ ਕਾਲਾ ਰਹਿਆ।

—o—

ਗੈਬੋਂ ਆਈ ਵਾਜ਼ ਤਦੋਂ ਇਕ,
'ਹੇ ਅਗਨੀ ਖਾ ਜਾਣੀ!
ਤੈਥੋਂ ਦੂਰ ਕਰਾਵੇ ਕਾਲਖ,
ਜੋ ਹੁੰਦਾ ਜਲਿ ਫਾਨੀ।
ਪਰ ਸਤਿਗੁਰ ਦੇ ਨੈਣਾਂ ਦੀ,
ਜਿਸ ਦਿਲ ਨੂੰ ਛੁਹ ਲਗ ਜਾਵੇ।
ਚਮਕ ਦਮਕ ਮਿਲ ਜਾਵੇ ਨਾਲੇ,
ਸਦਾ ਲਈ ਜਿੰਦਗਾਨੀ।'



Original with:
Language Department Punjab
Digitized by:
Panjab Digital Library

# ਸਿਦਕ ਦਾ ਫਲ

ਬਾਹਮਣ ਨੂੰ ਤੱਕ ਭਗਤੀ ਦਾ ਸੀ,
ਚਾ ਇਕ ਜੱਟ ਨੂੰ ਚੜ੍ਹਿਆ।
ਮਿੱਸੀ ਰੋਟੀ ਤੇ ਲੱਸੀ,
ਰਖ ਠਾਕਰ ਅੱਗੇ ਅੜਿਆ।
ਆਖੇ, 'ਭੋਗ ਲਗਾਓ ਪ੍ਰਭ ਜੀ !
ਨਾ ਖਾਸੋ ਮਰ ਜਾਸਾਂ।
ਇਸ਼ਕ ਸਿਦਕ ਚਾ ਬਿਖੜਾ ਕਰੜਾ,
ਰਾਹ ਧੰਨੇ ਨੇ ਫੜਿਆ।

——o——

ਠਾਕਰ ਨੇ ਤੱਕਿਆ ਜਦ ਆਸ਼ਕ,
ਜਾਲ ਇਸ਼ਕ ਦਾ ਤਣਿਆ।
ਕਿੱਦਾਂ ਤੋੜਾਂ ਤਾਰ ਅਵੱਲੇ ?
ਇਹ ਪ੍ਰਭ ਜੀ ਮਨ ਗਣਿਆ।
ਪੱਥਰ ਜੇ ਟੁੱਟਾ ਤਾਂ ਬਾਹਲੇ,
ਦਿਲ ਟੁੱਟਾ ਨਾ ਬਣਸੀ।
ਭੋਗ ਲਗਾਇਸੁ ਦੁਨੀਆਂ ਡਿੱਠਾ,
ਪੱਥਰ ਥੀਂ ਰੱਬ ਬਣਿਆ।



Original with:
Language Department Punjab
Digitized by:
Panjab Digital Library

# ਬੰਦਾ ਡਾਢਾ

ਸੱਖਰ ਦੇ ਬੋਰਜ ਤੇ ਬਹਿਕੇ,
ਤੱਕਿਆ ਅਜ਼ਬ ਨਜ਼ਾਰਾ।
ਅਟਕਾਂ ਅੱਗੇ ਅਟਕ ਅਟਕਾਇਆ,
ਹੋਇਆ ਪਿਆ ਨਕਾਰਾ।
ਕਰਕੇ ਯਾਦ ਅਜ਼ਾਦੀ ਅਪਣੀ,
ਤੜਪੇ ਤੇ ਵਿਲਲਾਵੇ।
ਖਿਝ ਖਿਝ ਤਾਣ ਬਥੇਰਾ ਲਾਵੇ,
ਚਲੇ ਨਾ ਕੋਈ ਚਾਰਾ।

———o———

ਹੱਸ ਕਿਹਾ ਮੈਂ 'ਯਾਰਾ! ਇਕ ਦਿਨ,
ਤੂੰ ਜਗ ਸੀ ਅਟਕਾਇਆ।
ਰਾਹੀ ਰੋਕ ਖਲੋਂਦਾ ਸੈਂ ਤੂੰ,
ਬਲ ਤੇ ਅਤਿ ਗਰਬਾਇਆ।'
ਕਹਿਣ ਲੱਗਾ: 'ਬੇਸ਼ਕ ਬਲ ਮੇਰਾ,
ਪਰਬਲ ਸੀ ਹਰ ਸ਼ੈ ਤੇ।
ਪਰ ਡਾਢਾ ਬੰਦਾ ਹੈ ਡਾਢਾ,
ਓੜਕ ਕਹਿਣਾ ਆਇਆ।'



*Original with:*
Language Department Punjab
*Digitized by:*
Panjab Digital Library

# ਕਲਮ ਦੀ ਬੇਬਸੀ

ਕਲਮ ਤਾਈਂ ਮੈਂ ਇੱਕ ਦਿਨ ਕਿਹਾ,
'ਸੁਣ ਮੇਰੀ ਮਹਿਰਮ ਕਾਨੀ।
ਤੂੰ ਜਾਣੇਂ ਕੀ ਬੀਤੀ ਮੈਂ ਤੇ
ਜਦ ਦੇ ਤੁਰ ਗਏ ਜਾਨੀ।
ਬਿਰਹੋਂ ਅਗਨ ਮਚੇ ਦਿਨ ਭਾਂਬੜ,
ਰਾਤ ਜਿਉਂ ਨਾਗਨ ਕਾਲੀ,
ਵੇਦਨ ਇਸ਼ਕ ਅਵੱਲੀ ਮੇਰੀ,
ਲਿੱਖ ਖਾਂ ਰਾਮ ਕਹਾਣੀ।"

—0—

ਉਨ ਕਿਹਾ "ਕਾਨੇ ਦੀ ਹਾਂ ਮੈਨੂੰ,
ਇਹ ਕੁਝ ਲਿਖਣ ਮੁਹਾਲੇ।
ਪ੍ਰੀਤ ਰੀਤ ਦੇ ਭੇਤ ਅਵੱਲੇ,
ਪ੍ਰੇਮ ਖ਼ੇਲ ਦੇ ਚਾਲੇ।
ਬਿਰਹੋਂ ਅਗਨ ਤੰਦੂਰ ਤਪੇ,
ਮੈਂ ਕੋਲ ਗਿਆਂ ਸੜ ਜਾਸਾਂ,
ਜਲ ਬਲ ਰਾਖ ਹੋਵਾਂ ਜਿੰਦ ਜਾਵੇ,
ਲਿੱਖੇ ਕੌਣ ਹਵਾਲੇ।



*Original with:*
Language Department Punjab
*Digitized by:*
Panjab Digital Library

# ਨਵਾਂ ਸਮਾਜ

ਅੱਜ ਸਮਾਜ ਨੂੰ ਦੋਵੇਂ ਬਿਪਤਾ,
ਇੱਕ ਬੁੱਢਾ ਇੱਕ ਨੱਢਾ।
ਇੱਕ ਆਖੇ ਮੋਟਰ ਜਿਉਂ ਭੱਜੇ,
ਇਕ ਤੋਰੇ ਜਿਉਂ ਗੱਡਾ।
ਇੱਕ ਪੁਜਾਰੀ ਪੁਰਾਤਨਤਾ ਦਾ,
ਰੀਤੀਂ ਰਸਮੀ ਫਸਿਆ।
ਚਮੜੀ ਦਮੜੀ ਦਾ ਇੱਕ ਗਾਹਿਕ,
ਰੂਪ ਰੰਗ ਦਾ ਬੱਧਾ।

——0——

ਬੁਢੜੇ ਨੂੰ ਕੋਈ ਸਮਝਾਓ,
ਢਿੱਲੀ ਕਰ ਹੁਣ ਗੱਢ ਤੂੰ।
ਨਿਰੇ ਰੂਪ ਤੋਂ ਲੰਘ ਕੇ ਨੱਢੇ,
ਮਾਨੁੱਖਤਾ ਮਨ ਮੰਡ ਤੂੰ।
ਨਵੀਆਂ ਸੱਧਰਾਂ ਚਾਵਾਂ ਦੇ ਦੁਧ,
ਲਾ ਕੁਝ ਜਾਗ ਸਮਝਦੀ;
ਦੋਵਾਂ ਜੁਗਾਂ ਦੀ ਲੈ ਚੰਗਿਆਈ,
ਸਮਾਜ ਨਵੀਂ ਇੱਕ ਚੰਡ ਤੂੰ।



*Original with:*
Language Department Punjab
*Digitized by:*
Panjab Digital Library

# ਬੁਲਬੁਲ ਤੇ ਸਯਾਦ

ਕੀ ਆਖੇਂ ? ਸਯਾਦ ਤੂੰ ਮੈਨੂੰ,
ਜੇ ਪਿੰਜਰਾ ਟੁਟ ਜਾਸੀ ।
ਗਿੱਦੜ ਕੁੱਤਾ ਬਿੱਲਾ ਮੈਨੂੰ,
ਕੋ ਫੜਕੇ ਖਾ ਜਾਸੀ ।
ਖਾ ਜਾਵਣ ਦੇ, ਮਰ ਜਾਵਣ ਦੇ,
ਇੱਕ ਵੇਰਾਂ ਮਰ ਜਾਸਾਂ,
ਨਿੱਤ ਦੀ ਮੌਤ ਗੁਲਾਮੀ ਕੋਲੋਂ,
ਓੜਕ ਮਿਲੂ ਖਲਾਸੀ ।

——0——

ਫਿਰ ਆਖੇਂ ਤੂੰ ਜੇ ਬਚ ਜਾਸਾਂ,
ਚੂਰੀ ਕਿਥੋਂ ਖਾਸਾਂ ?
ਸੋਨ ਕਟੋਰੀ ਵਿਚ ਦੁੱਧ ਭਰਿਆ,
ਮੂੰਹ ਨੂੰ ਕਿਥੋਂ ਲਾਸਾਂ ?
ਇਹ ਦੁਧ ਕਾਹਦਾ ? ਜਿਸ ਨੂੰ ਪੀਤੇ,
ਖੂੰਨ ਜਿਗਰ ਦਾ ਸੁੱਕੇ ।
ਚੂਰੀ ਤੋਂ ਉਹ ਚੰਗਾ ਮੱਢਲ,
ਮਨ ਆਇਆ ਮੂੰਹ ਪਾਸਾਂ ।



*Original with:*
Language Department Punjab
*Digitized by:*
Panjab Digital Library

# ਗ਼ੁਲਾਮ ਦੇਸ ਦੇ ਬੱਚੇ

ਗਹਿਬਰ ਬੇਲੇ ਪਰਬਤ ਚੋਟੀ,
ਕਈ ਸੁਹਣੇ ਫੁੱਲ, ਫੁੱਲ ਗਏ।
ਕਿਨੇ ਨ ਲਈ ਸੁਗੰਧੀ ਏਵੇਂ,
ਧਰਤ ਗਿਰੇ ਤੇ ਰੁਲ ਗਏ।
ਅੰਨ੍ਹੀ ਤਹਿ ਸਾਗਰ ਦੀ ਮੋਤੀ,
ਪਰਬਤ ਦੀ ਕੁੱਖ ਹੀਰੇ,
ਨਜ਼ਰ ਸਰਾਫਾਂ ਬਾਝੋਂ ਏਵੇਂ
ਜੁਗ ਬੀਤੇ ਬਿਨ ਮੁਲ ਪਏ।

—0—

ਦੇਸ਼ ਗ਼ੁਲਾਮਾਂ ਦੇ ਕਈ ਮੋਤੀ,
ਤੇ ਹੀਰੇ ਵੱਡਮੁਲੇ।
ਪਰਖੋਂ ਬਿਨਾਂ,ਤੇ ਪੁੱਛ ਗਿੱਛ ਬਾਝੋਂ,
ਏਵੇਂ ਹੀ ਜੱਗ ਰੁੱਲੇ।
ਦਾਨਸ਼,ਹੁਨਰ,ਇਲਮ ਤੇ ਮਿਹਨਤ,
ਨਾਲ ਜੋ ਭਰੇ ਲਬਾ ਲਬ,
ਭਾਗਹੀਣ ਮਿਰਗਾਂ ਦੇ ਨਾਫ਼ੇ,
ਬੰਦ ਰਹੇ ਨ ਖੁੱਲੇ।



Original with:
Language Department Punjab
Digitized by:
Panjab Digital Library

# ਖੁਸ਼ਾਮਦ

ਚਮਕੇ ਲਾਲਾਂ ਵਾਂਗਰ ਦੂਰੋਂ,
ਪਰ ਛੁਹਿਆ ਅੰਗਿਆਰਾ।
ਮਿੱਠੀ ਮੂੰਹ ਨੂੰ ਮਾਖਿਉ ਵਾਂਙੂੰ,
(ਪਰ) ਨਿਗਲ ਲਿਆਂ ਹੈ ਪਾਰਾ।
ਪ੍ਰੀਤ ਵਫ਼ਾ ਤੇ ਸੱਚ ਦੇ ਸੂਰਜ,
ਬਦਲ ਬਣ ਛਾ ਜਾਂਦੀ;
ਮਾਰੂ ਥੱਲ ਤਪਦਾ ਇਹ ਦੂਰੋਂ,
ਜੱਲ ਦਾ ਦੇਹਿ ਨਿਜ਼ਾਰਾ।

———o———

ਇਸਦੀ ਚਾਟੇ ਲਗ ਚਟੇ ਗਏ,
ਮਾਲ ਖਜ਼ਾਨੇ ਸ਼ਾਹੀਆਂ।
ਖੱਬੀਖਾਨਾ ਕਈ ਵੱਡ ਕੌਮਾਂ,
ਇਨ ਖੂਹ ਖਾਤੇ ਪਾਈਆਂ।
ਰਾਜ ਨੀਤ ਨੂੰ ਕਰੇ ਅਨੀਤੀ,
ਮਜ਼ਹਬ ਪਾਖੰਡ ਬਣਾਵੇ;
ਦੀਨ ਦੁਨੀ ਦੋਹਾਂ ਨੂੰ ਖੋਹੰਦੀ,
ਜਿੱਥੇ ਪਾਵੇ ਫਾਹੀਆਂ।



*Original with:*
Language Department Punjab
*Digitized by:*
Panjab Digital Library

# ਬਸੰਤ

ਅੱਲਾ ਨੇ ਆਦਮ ਦੀ ਜਦ,
ਆਪਣੇ ਤੇ ਸ਼ਕਲ ਬਣਾਈ।
ਵਿਆਹ ਕਰ ਦੇਖਾਂ ਇਸ ਬਚੜੇਦਾ,
ਇਹ ਮੌਲਾ ਮਨ ਆਈ।
ਅਰਸ਼ ਪਤਾਲ ਤਕਾਇਆ ਸਾਰਾ,
ਹੂਰ ਪਰੀ ਸਭ ਡਿੱਠੀ;
ਓੜਕ ਉਸਨੂੰ ਧਰਤੀ ਹੀ,
ਸਭ ਤੋਂ ਸੁਹਣੀ ਦਿਸ ਆਈ।

———o———

ਹੋਇਆ ਹੁਕਮ ਸਜਾਉ ਲਾੜ੍ਹੀ,
ਹਾਰ ਸ਼ਿੰਗਾਰ ਲਗਾਈ।
ਕੁਦਰਤ ਦੀ ਨਾਇਣ ਨੇ ਸੁਣਕੇ,
ਟਿਲ ਦਿੱਤਾ ਕੁਲ ਲਾਈ।
ਸਰ੍ਹੋਂ ਦਿਆਂ ਖੇਤਾਂ ਚੋਂ ਨਿਕਲੀ,
ਜਾਂ ਫੁੱਲਾਂ ਸੰਗ ਲੱਦੀ;
ਗਾਇਆ ਗੀਤ ਫਰਿਸ਼ਤੇ ਹੂਰਾਂ,
ਅਜ ਬਸੰਤ ਹੈ ਆਈ।



*Original with:*
Language Department Punjab
*Digitized by:*
Panjab Digital Library

# ਦੂਜਾ ਰੂਪ

ਮਾਹੀ, ਰਾਹੀ ਪੋਹ ਮਾਘ ਮਿਲ,
ਸੀਤ ਕਹਿਰ ਦੀ ਪਾਈ।
ਬਾਗੀਂ ਵੀ ਪੱਤ ਝੜ ਮੇਰੀ,
ਵੀ ਮਨ ਬੱਗੀਆ ਮੁਰਝਾਈ।
ਬੁਲਬੁਲ ਡਾਲ੍ਹੀ ਤੇ ਮੈਂ ਬੂਹੇ,
ਬਹਿ ਬਹਿ ਨੀਰ ਬਹਾਏ;
ਵਿੱਚ ਉਡੀਕਾਂ ਲੀਕਾਂ ਵਾਹ ਵਾਹ,
ਪਾਪਣ ਰਿਤ ਬਿਤਾਈ।

——0——

ਪ੍ਰੀਤ ਕਿਆਰੀ ਨੂੰ ਜਾਂ ਦਿੱਤੀ,
ਨੈਨ ਨੀਰ ਹਰਿਆਈ।
ਦਾਗ਼ ਦਿੱਲਾਂ ਬੰਨ ਖਿੜੇ ਸ਼ਗੂਫੇ,
ਆਸ਼ਾ ਕਲੀ ਖਿੜਾਈ।
ਰੁੱਖ ਟਹਿਕੇ, ਫੁਲ ਮਹਿਕੇ ਬਾਗੀਂ,
ਪੰਛੀ ਰਲ ਮਿਲ ਚਹਿਕੇ;
ਕੰਤ ਆਇ ਘਰ, ਸੀਤ ਬ੍ਰਿਹੁੰ ਦੀ
"ਬਸ ਅੰਤ" ਹੈ ਆਈ।



*Original with:*
Language Department Punjab
*Digitized by:*
Panjab Digital Library

# ਮੈਂ ਤੇ ਮਾਹੀ

ਮਿੱਟੀ ਕੁਫਰ ਸ਼ਿਰਕ ਦੀ ਮੇਰੀ,
ਜੱਟ ਦੀ ਜਨ ਨਿਮਾਣੀ।
ਰਾਹੁਕ ਰਹਿ ਰਈਯਤ ਸਦਵਾਣਾ,
ਦਾਰੀ ਕਰਨ ਬਿਗਾਨੀ।
ਰਾਜ ਸਾਜ ਵਿੱਚ ਕਾਜ ਨ ਕੋਈ,
ਮੰਦਰ ਮਿਲੇ ਨਾ ਢੋਈ;
ਨੀਵੀਂ ਪਾ ਆਜ਼ੀ ਹੋ ਸਭ ਦੇ,
ਵਿਖੜੀ ਔਧ ਵਿਹਾਨੀ।

ਸਦਕੇ ਓਸ ਮਾਹੀ ਦੇ, ਸਿਰ ਲੈ,
ਜਿਨ ਸਰਦਾਰ ਬਣਾਇਆ।
ਕੁਲ ਚੌਰਾਸੀ ਤੋਂ ਕਰ ਉੱਚਾ,
ਕਾਮਲ ਮਰਦ ਸਜਾਇਆ।
ਦੇਹਿ ਦੀ ਕੱਚੀ ਗਾਗਰ ਵੱਟੇ,
ਜਿਨ ਅਮਰਾਪਦ ਦਿੱਤਾ;
ਸੱਤੀ ਹੋਈ ਤਕਦੀਰ ਮੇਰੀ,
ਪੰਜ ਛਟੇ ਮਾਰ ਜਗਾਇਆ।



*Original with:*
Language Department Punjab
*Digitized by:*
Panjab Digital Library

# ਪਰਮ ਤੇਜ

ਸੂਰਜ ਚੰਦ੍ਰਮਾਂ ਤੇ ਤਾਰੇ,
ਜੋ ਚਮਕਣ ਅਸਮਾਨੀ।
ਸਭਨਾਂ ਦੇ ਵਿੱਚ ਬੇਸ਼ਕ ਲਿਸ਼ਕੇ,
ਇੱਕੋ ਤੇਜ ਰਬਾਨੀ।
ਇੰਨ੍ਹਾਂ ਤੇਜਾਂ ਤੋਂ ਅਤਿ ਉੱਚਾ,
ਪਰਮ ਤੇਜ ਇਕ ਉਸਦਾ;
ਮੂੜ੍ਹੀ ਮਾਰਨ ਜਦ ਨਿਕਲੇ,
ਉਹ ਚਮਕੇ ਕ੍ਰਿਪਾਨੀ।

# ਅਵਲੀ ਰੀਤ

ਪ੍ਰੀਤ ਨੀਤ ਦੀ ਰੀਤ ਅਵੱਲੀ,
ਜੋ ਆਈ ਸਿਰ ਧਰਨੀ।
ਚੁੱਪ ਕਰ ਕਾਰ ਕਮਾਈ ਜਾਣਾ,
ਹੁੱਜਤ ਮੂਲ ਨਾ ਕਰਨੀ।
ਤੁਰੀ ਜਾਣ, ਪਰ ਥੱਕਣ ਨਾਹੀਂ,
ਝੱਕਣ ਪਿਛਾਂ ਨਾ ਹਟਣ;
ਘਾਲ ਘਾਲ ਕੁਛ ਮਾਲ ਨ ਮੰਗਣ
ਸਿਰ ਦਿਤਿਆਂ ਹੀ ਸਰਨੀ।



*Original with:*
Language Department Punjab
*Digitized by:*
Panjab Digital Library

# ਪੁੱਛ ਤੇ ਉੱਤਰ

ਪੁਛਿਆ ਇੱਕ ਮਹਾਸ਼ੇ ਮੈਨੂੰ,
ਦਸ ਰਤਾ ਸਮਝਾਏ।
ਕੁਣਕੇ ਦੇ ਕਿਣਕੇ ਵਿਚ ਆਖਣ,
ਸਿੱਖ ਰਬ ਬਰਕਤ ਪਾਏ।
ਪਰ ਮੈਂ ਅੱਖੀਂ ਡਿੱਠੇ ਸਿੱਖ ਬੁਕ,
ਬਹੁੰ ਭਰ ਭਰ ਕੁਣਕਾ ਖਾਂਦੇ,
ਚੜ੍ਹੀ ਨਹੀਂ ਕੁਛ ਕਲਾ ਉਨ੍ਹਾਂ ਦੀ,
ਦਿਨ ਦਿਨ ਢਹਿੰਦੀ ਜਾਏ।

——0——

ਮੈਂ ਕਿਹਾ ਹੈ ਨਿਸ਼ਚਾ ਸੱਚਾ,
ਪਰ ਕੁਣਕੇ ਵਿਚ ਊਜ ਈ।
ਲਾਲੋ ਦਾ ਆਟਾ ਨਹੀਂ ਪੈਂਦਾ,
ਹੈ ਭਾਗੋ ਦੀ ਸੂਜੀ।
ਧਰਮ ਕਿਰਤ ਨੂੰ ਛਡ ਗੁੰਥੀ,
ਸਰਮਾਏ ਸੰਗ ਜੁੜਿਆ।
ਰੋਗ ਹਟੇ ਰੋਗੀ ਦਾ ਕਿਉਂ ਕਰ,
ਜੇ ਮਿਲੇ ਦੁਵਾਈ ਦੂਜੀ।



*Original with:*
Language Department Punjab
*Digitized by:*
Panjab Digital Library

# ਸਿੰਘ ਨੂੰ ਸਲਾਹ

ਸਿੰਘਾਂ ਨੂੰ ਦੋਵੇਂ ਬਿਜ ਲੱਗੇ,
ਇੱਕ ਕਿਰਤੀ ਇੱਕ ਭਾਈ।
ਰਬ ਦੀ ਇੱਕ ਭਗਤੀ ਤੋਂ ਹੋੜੇ,
ਇੱਕ ਮਾਯਾ ਪੁਜਾਈ।
ਇੱਕ ਦੇ ਹੱਥੋਂ ਜੀਉ ਜਲੇ,
ਦੂਜੇ ਹੱਥੋਂ ਗ਼ੁਲਾਮੀਂ;
ਜੇ ਬਚਨਾ ਈ ਸਿੰਘਾਂ, ਬੂਹਿਓਂ—
ਦੋਵੇਂ ਦਈਂ ਉਠਾਈ।

——0——

ਸਿੰਘ ਸੂਰਿਆਂ ਵਾਲੀ ਕਰ ਲੈ,
ਚੇਤੇ ਰੀਤ ਪੁਰਾਣੀ,
ਕਿਰਤਵਿਰਤਕਰਦਸਾਂ ਨਵਾਹ ਦੀ;
ਵੰਡ ਕੇ ਰੋਟੀ ਖਾਣੀ।
ਮੁਖ ਰੋਟੀ ਮਨ ਨਾਮ ਸਾਈਂ ਦਾ,
ਤਨ ਮਨ ਹਰਿਆ ਕਰਦਾ,
ਤੱਪਦੇ ਜਗ ਨੂੰ ਠ ਰਨ ਕਾਰਨ,
ਨਿਸ ਦਿਨ ਦੇਗ ਚਲਾਣੀ।



*Original with:*
Language Department Punjab
*Digitized by:*
Panjab Digital Library

# ਮਸਤ ਦਰਵੇਸ਼

ਕਿੱਕਰ ਤੱਕ ਕਿਹਾ ਇਕ ਰਾਹੀ,
ਸੁਣ ਬੂਟੇ ਕੰਡਿਆਲੇ।
ਮੰਦੇ ਵੇਸ ਵਿਹਾਵੇ ਤੇਰੀ,
ਤਨ ਰੁੱਖੇ, ਰੰਗ ਕਾਲੇ।
ਜੇ ਪੀ ਲੈ ਰਸ ਘੁਟ ਇਕ ਸਕਦਾ,
ਕਹਿਣ ਲੱਗਾ ਤਾਂ ਜਾਣੇ;
ਜੱਗ ਤੇ ਰਾਸ ਜਿਨ੍ਹਾਂ ਦੀ ਮਸਤੀ,
ਉਹਸਦਾ ਰਹਿਣ ਮੰਦ ਹਾਲੇ।

# ਜੀਵਨ

ਦਮ ਦਮ ਦੇ ਵਿਚ ਰੰਗ ਅਨੋਖੇ,
ਜੀਵਨ ਪਿਆ ਦਿਖਾਂਦਾ ਏ।
ਇਕਤ ਟਿਕਾਣੇ ਜੀਵਨ ਬਿਜਲੀ,
ਅਜ ਤਕ ਕਿਨੇ ਟਿਕਾਈ ਨਹੀਂ।
ਜੇ ਕਰ ਤੇਰੇ ਅਜ ਦੇ ਅੰਦਰ,
ਸੂਰਤ 'ਕਲ' ਦੀ ਦਿਸਦੀ ਏ,
ਖਾਕ ਕਿਨੇ ਤੇਰੀ ਵਿਚ ਸਮਝੀਂ,
ਜੀਵਨ ਚਿਣਗ ਭਖਾਈ ਨਹੀਂ।



Original with:
Language Department Punjab
Digitized by:
Panjab Digital Library

# ਬਿਰਹਿਣੀ ਦਾ ਸਾਵਣ

ਸਾਵਣ ਸਾਵਣ ਸਈਆਂ ਕੂਕਣ,
ਨੱਚਣ ਗਿੱਧੇ ਪਾਵਣ।
ਹੋ ਹੈਰਾਨ ਖਲੀ ਮੈਂ ਤੱਕਾਂ,
ਮਨ ਨੂੰ ਮੂਲ ਨ ਭਾਵਣ।
ਓੜਕ ਖਿਝ ਕਿਹਾ ਮੈਂ ਇਕ ਨੂੰ,
'ਸੁਣ ਖਾਂ ਨੀ ਕੀ ਹੋਇਆ?
ਕਿਉਂ ਨੱਚੋ, ਟੱਪੋ ਤੇ ਝੂਟੋ,
ਕਿਉਂ ਛੋਇਆ ਜੇ ਗਾਵਣ?'

—0—

ਉਨ ਕਿਹਾ, 'ਤੱਕ ਸਾਵਣ ਆਇਆ,
ਮੇਘ ਘਟਾਂ ਘੁਰ ਆਵਣ।
ਝਿਮ ਝਿਮ ਬਰਸ ਬੂੰਦ ਰਸ ਦੇਵੇ,
ਮਨੋਂ ਹੁਲਾਸ ਵਧਾਵਣ।'
'ਨਾ ਕੋਈ ਖ਼ੁਸ਼ੀ ਨਹੀਂ ਰਸ ਕੋਈ,
ਮੈਂ ਰੋਂਦੀ ਨੂੰ ਤੱਕ ਕੇ,
ਕਾਲੇ ਵੇਸ ਗ਼ਮਾਂ ਦੇ ਬੱਦਲ,
ਨੈਨੋਂ ਨੀਰ ਬਹਾਵਣ।'



*Original with:*
Language Department Punjab
*Digitized by:*
Panjab Digital Library

# ਨਕਲੀ ਭਗਤ

ਮਾਇਆ ਦੇ ਅਤ ਲੋਭੀ ਚਾਤਰ,
ਨਕਲੀ ਦਾਮ ਬਣਾਵਨ ।
ਵਿਚ ਹੰਨੇਰੇ, ਅਨਭੋਲਆਂ ਨੂੰ,
ਅਸਲੀ ਆਖ ਚਲਾਵਨ ।
ਪੈਂਦੇ ਨਜ਼ਰ ਸਰਾਂਫਾਂ ਦੀ ਜਦ,
ਖੋਟੇ ਪ੍ਰਗਟ ਹੁੰਦੇ,
ਫੜਨ ਪੁਲਸੀਏ ਠੱਗਾਂ ਤਾਈਂ,
ਜੇਹਲੀ ਮੁੰਜ ਕੁਟਾਵਨ ।

——o——

ਰੱਖ ਮਾਯਾ ਮੁਰਦਾਰ ਦਿਲੈ,
ਜੋ ਮੁਖ ਥੀਂ ਨਾਮ ਅਲਾਵਨ ।
ਅੰਧ-ਭਗਤ ਮਤ ਹੀਨਾ ਅੰਦਰ,
ਬੇਸ਼ਕ ਸੰਤ ਸਦਾਵਨ ।
ਜਿਸ ਦਿਨ ਲਗੇਂ ਸਚ ਕਸੌਟੀ'
ਅਸਲੀਅਤ ਗਈ ਪਰਖੀ,
ਅੰਤ ਕਾਲ ਕਾਤੀ ਸੰਗ ਕਟਸਨ,
ਕੁੰਭੀ ਨਰਕ ਵਸਾਵਨ ।



*Original with:*
Language Department Punjab
*Digitized by:*
Panjab Digital Library

# ਆਵਾ ਗਵਨ

ਇੱਕ ਹਾਕਮ ਦੇ ਕਈ ਇੱਕ ਸੂਬੇ,
ਸਭਨਾ ਵਿਚ ਕਾਰ ਚਲਾਵੇ।
ਵੱਖੋ ਵੱਖੀ ਥਾਂ ਤੇ ਅੱਡ ਅੱਡ,
ਅਹਿਲਕਾਰ ਬਦਲਾਵੇ।
ਕੁਝ ਚਿਰ ਪਿਛੋਂ, ਇੱਕ ਥਾਂ ਦੇ,
ਚੁਕ ਹੋਰ ਜਗਾ ਬਦਲਾਦਾਂ,
ਨਵੇਂ ਕੰਮ ਤੇ ਨਵੀਂ ਲੋੜ ਪਈ,
ਨਿਤ ਕਾਮੇ ਚਾ ਲਾਵੇ।

——0——

ਵੱਡ ਹਾਕਮ ਦੀ ਦੁਨੀਆਂ ਵੱਡੀ,
ਜਿਸਦਾ ਅੰਤ ਨਾ ਆਵੇ।
ਸਾਡੀ ਜਹੀਆਂ ਲੱਖਾਂ ਦੁਨੀਆਂ,
ਜਿਸ ਵਿਚ ਕਾਰ ਚਲਾਵੇ।
ਇੱਕ ਥਾਂ ਤੋਂ ਚੁਕ ਕਾਮੇ ਉਹ ਜਦ,
ਦੂਜੀ ਥਾਰੇ ਘਲਦਾਂ,
ਇਸ ਮਰਯਾਦਾ ਨੂੰ ਤਕ ਚਾਤਰ,
ਆਵਾ ਗਾਉਂਣ ਅਲਾਵੇ।



*Original with:*
Language Department Punjab
*Digitized by:*
Panjab Digital Library

# ਸਾਵਣ

ਸਾਵਣ ਮਾਹ ਅਲਾਵਣ ਲੋਕੀਂ,
ਮੇਘ ਘਟਾਂ ਬੰਨ੍ਹ ਵਰ੍ਹਦੇ।
ਧਰਤੀ ਠੰਡ ਪੈਂਦੀ ਰੁਖ ਮੌਲਣ,
ਜੀਅ ਜੰਤ ਸਭ ਭਰਦੇ।
ਦਿਲ ਵੇਹੜੇ, ਪਰ ਸ਼ਾਂਤ ਨ ਪੈਂਦੀ,
ਤਪਤ ਹੀਏ ਕੁਰਲਾਵਣ,
ਤਾਂ ਸਾਵਣ ਸਾ–ਅਵਣ ਜੇਕਰ,
ਕਲਗੀ ਜੋ ਸਿਰ ਧਰਦੇ।

# ਪਨਘਟ

ਪਨਘਟ ਤੇ ਜਿਸ ਦਿਨ ਪ੍ਰੀਤਾਂ ਦੇ,
ਚੜ੍ਹਦੇ ਅਰਸ਼ ਹੰਡੋਲੇ।
ਅਣਛਿੜਿਆਂ ਸਾਜਾਂ 'ਚੋਂ ਛਿੜਦੇ,
ਮਿਠੇ ਗੀਤ ਅਬੋਲੇ।
ਝਜਰ ਵਿਚ ਪਾਨੀ ਜਦ ਡੋਲੇ,
ਦਿਲ ਛਾਤੀ ਵਿਚ ਡੋਲਣ,
ਭੁਖੇ ਨੈਣ ਨੈਣਾਂ ਨੂੰ ਲੱਭਣ,
ਲੁਕ ਲੁਕ ਘੁੰਡ ਦੇ ਓਹਲੇ।

(ਟੈਗੋਰ ਦੇ ਅਧਾਰ ਤੇ)



*Original with:*
Language Department Punjab
*Digitized by:*
Panjab Digital Library

# ਕਰੋਪੀ

ਭਾਰਤ ਦੇਵੀ ਦੇ ਮੰਦਰ ਵਿਚ,
ਬਾਮਨ ਇਕ ਦਿਨ ਆਇਆ।
ਦੀਵੇ ਬਾਲ ਸਮੱਗਰੀ ਲੈ ਹੱਥ,
ਪੂਜਾ ਨੂੰ ਜਦ ਧਾਇਆ।
ਦੇਵੀ ਕੋਪ ਹੋਈ ਤਦ ਚੰਡੀ,
ਗਰਜ-ਮੇਘ ਜਿਉਂ ਬੋਲੀ,
ਦਸ ਪਾਪੀ ਮੈਂ ਪੂਜਣ ਤੈਨੂੰ,
ਕਿਦਾਂ ਹੈ ਬਣ ਆਇਆ।

—0—

ਕਟ ਕਟ ਜਿਗਰ ਮੇਰੇ ਦੇ ਟੋਟੇ,
ਅੰਨੇ ਖੂਹ ਵਿਚ ਪਾਏ।
ਸ੍ਰੇਸ਼ਟਤਮ ਮਨੁੱਖ ਦੇ ਬੱਚੇ,
ਪਸ਼ੂਓਂ ਨੀਚ ਬਣਾਏ।
ਪੁਤਰਾਂ ਦੇਖ ਨ ਸਕੇਂ ਅੱਖੀਂ,
ਛੋਹ ਲੱਗਿਆਂ ਭਿਟ ਜਾਵੇਂ,
ਮਾਂ ਦੀ ਫਿਰ ਪ੍ਰਸੰਨਤਾ ਲੋੜੇਂ,
ਲਾਜ ਨ ਤੈਨੂੰ ਆਵੇ ?



*Original with:*
Language Department Punjab
*Digitized by:*
Panjab Digital Library

## ਗੋਲਾ

ਨੈਂਣ ਨਿਆਮਤ ਅੱਲਾ ਦੀ ਨੇ,
ਸਭ ਜਗ ਇਹੋ ਆਂਹਦਾ।
ਸਭ ਕੋ ਇਨ੍ਹਾਂ ਦੀ ਸੁਖ ਲੋੜੇ,
ਪਰ ਇਕ ਮੂਲ ਨ ਚਾਂਹਦਾ।
ਭਾਗ ਹੀਣ ਬਦ ਕਿਸਮਤ 'ਗੋਲਾ'
ਕਹੇ ਰੱਬਾ ਫੁਟ ਜਾਵਣ।
ਦੇਖ ਨ ਸੱਕਾਂ, ਅੱਖੀਂ ਮੈਂ ਤੇ,
ਗ਼ੈਬ ਇਹ ਹੁਕਮ ਚਲਾਂਦਾ।

## ਸਮਤਾ

ਸਾਧੂ ਚੋਰ ਦੋਹਾਂ ਨੂੰ ਵਾਜਬ,
ਹੱਥ ਬਨ੍ਹ ਸੀਸ ਨਿਵਾਵਣ।
ਦੁਖਦਾਈ ਦੋਵੇਂ ਨੇ ਭਾਵੇਂ,
ਅੱਡ ਅੱਡ ਸਮੇ ਦੁਖਾਵਣ।
ਚੋਰ ਮਿਲਾਪ ਸਮੇ ਦੁਖਦਾਈ,
ਧਨ ਦੌਲਤ ਖੋਹ ਲੈਂਦੇ,
ਸਾਧੂ ਸਮੇ ਵਿਛੋੜੇ,
ਜੋਰਾ ਜਿੰਦ ਪ੍ਰਾਨ ਲੇ ਜਾਵਣ।
(ਤੁਲਸੀ)



Original with:
Language Department Punjab
Digitized by:
Panjab Digital Library

# ਸਾਡੇ ਸਾਧੂ

ਤੀਰਥ ਕੰਢੇ, ਜਾਂ ਲੱਖ ਸਾਧੂ,
ਤਕਿਆ ਹਰਿ ਹਰਿ ਕਰਦਾ।
ਸੋਚੀਂ ਵਹਿਣ ਪਿਆ ਮਨ ਮੇਰਾ,
ਧੀਰ ਨਾ ਸੀ ਕੁਝ ਧਰਦਾ।
ਲੱਖਾਂ ਹੀ ਮਿਲ ਰੱਬ ਦੀ ਭਗਤੀ,
ਜਿਸ ਭੂਮੀ ਵਿਚ ਕਰਦੇ,
ਉਹ ਕਿਉਂ ਦੇਸ਼ ਗ਼ੁਲਾਮ ਹੋਇਆ ਫਿਰ,
ਗ਼ੈਰਾਂ ਲਾਇਆ ਬਰਦਾ?

——0——

ਗ਼ੈਬੋਂ ਵਾਜ਼ ਪਈ ਕੰਨ ਮੇਰੇ,
ਜਿਸ ਨੇ ਇਹ ਸਮਝਾਇਆ।
'ਭੁਖੇ ਭਗਤ ਨ ਮੂਲੋਂ ਹੁੰਦੀ',
ਸੰਤ ਕਬੀਰ ਅਲਾਇਆ।
'ਮੁਖ਼ ਮੌਲਾ, ਮਨ ਰੌਲ਼ਾ ਗੌਲਾ,
ਗੁੱਲੀ, ਕੁੱਲੀ ਲੱਭਣ,
ਤੂੰ ਜਾਣੇ ਰੱਬ ਚੇਤੇ ਕਰਦੇ,
ਟੁਕਰ ਹੈ ਚਿਤ ਲਾਇਆ।



*Original with:*
Language Department Punjab
*Digitized by:*
Panjab Digital Library

# ਬੇ ਇਨਸਾਫੀ

ਕਿਡੇ ਰਾਹ ਕੁਵਲੇ ਪੈ ਗਈ,
ਮੇਰੀ ਕੌਮ ਅਭਾਗੀ।
ਗਲ ਗਲ ਜੋ ਭੋਗਾਂ ਵਿਚ ਡੁੱਬਾ,
ਉਸ ਨੂੰ ਕਹਿਣ ਬੈਰਾਗੀ।
ਮੁੰਡੇ ਕੁੜੀਆਂ ਸਾਥਣ ਪਾਲੇ,
ਉਸ ਨੂੰ ਕਹਿਣ ਗ੍ਰਹੀ,
ਜੋ ਲੋਕਾਂ ਦੇ ਸਿਰ ਤੇ ਪਲਦਾ,
ਉਸਦਾ ਨਾਮ ਤਿਆਗੀ।

———o———

ਦੁੱਧ, ਮਲਾਈਆਂ,ਮੱਖਨ ਇਕ ਤਾਂ,
ਤੁੰਨ ਤੁੰਨ ਕੇ ਨਿਤ ਖਾਂਦੇ।
ਲਹੂ, ਪਸੀਨਾ, ਇਕ ਕਰ ਕੇ ਈ,
ਕਰੜੀ ਕਾਰ ਕਮਾਂਦੇ।
ਰੋਗ ਸੋਗ ਦੇ ਜੰਤ ਸਤਾਏ,
ਉਨ੍ਹਾਂ ਦਸਨ ਭੋਗੀ,
ਪਰੀਆਂ ਦੇ ਸੰਗ ਸੁੰਦਰ ਸੇਜੀ,
ਬੈਠੇ ਤਪੀ ਸਦਾਂਦੇ।



*Original with:*
Language Department Punjab
*Digitized by:*
Panjab Digital Library

# ਇਨਕਲਾਬ

ਪਰਬਤ ਪੇਟ ਵਿਚੋਂ ਉਠ ਅਗਨੀ,
ਜਾਂ ਉਹਦੀ ਹਿੱਕ ਸਾੜੇ।
ਫਾੜ ਚਟਾਨਾ ਬਾਹਰ ਨਿਕਲਣ,
ਲੋੜਨ ਜਦੋਂ ਹਵਾੜੇ।
ਰਾਹ ਨ ਲੱਭੇ, ਜਦ ਆਤਰ ਹੋ,
ਬਹਿਬਲ ਹੋ ਬਲ ਲਾਵਨ,
ਧਰਤੀ ਆਏ ਭੁਚਾਲ ਤਦੋਂ,
ਵੱਸਦੇ ਸ਼ਹਿਰ ਉਜਾੜੇ।

—0—

ਭੁਖੇ, ਦੁਖੇ ਮਾਨੁੱਖ ਦੀ,
ਜਦ ਪੇਟ ਅਗਨ ਮਚ ਉਠੇ।
ਆਹ ਭੀ ਮਾਰਨ ਦੇਣ ਧਨੀ ਨਾ,
ਰੋਣ ਚੁਪੀਤੇ ਗੁੱਠੇ।
ਮਾਨੁੱਖਤਾ-ਮਨ ਆਏ ਜ਼ਲਜ਼ਲਾ,
'ਇਨਕਲਾਬ' ਜਿਸ ਆਖਣ,
ਢਹਿ ਢੇਰੀ ਕਰ ਦਏ ਵਸਤੀਆਂ,
ਰਾਜ ਕਰੇ ਕਈ ਪੁਠੇ।

DEPARTMENT OF LANGUAGES
PATIALA



Original with:
Language Department Punjab
Digitized by:
Panjab Digital Library

# ਮਹਾਂ ਯੁੱਧ

ਘਾਮ ਪਵੇ ਅਤਿ, ਪੌਣ ਹੌਲੀ ਹੋ,
ਅੰਬਰ ਨੂੰ ਉੱਠ ਜਾਵੇ।
ਠੰਢੀ ਪੌਣ ਅਕਾਸ਼ਾਂ ਵਾਲੀ,
ਜਦ ਧਰਤੀ ਵਲ ਧਾਵੇ।
ਦੋਹਾਂ ਦੀ ਜਦ ਟੱਕਰ ਲੱਗੇ,
ਜਗ ਤੇ ਆਏ ਅਨ੍ਹੇਰੀ,
ਘੁੱਪ ਹਨੇਰਾਂ ਹੁੰਦਾ ਲੋਕਾਂ,
ਦਿਨ ਵਿਚ ਨ ਦਿਸ ਆਵੇ।

———0———

ਤ੍ਰਿਸਨਾ ਦੀ ਅਤਿ ਘਾਮ ਕਹਿਰ ਦੀ,
ਮਾਨੁਖ ਮਨ ਨੂੰ ਤਾਇਆ।
ਪੱਛਮ ਉੱਠ ਪੂਰਬ ਤੇ ਚੜ੍ਹਿਆ,
ਪੂਰਬ ਪੱਛਮ ਧਾਇਆ।
ਚਲੀ ਹਨੇਰੀ ਘੋਰ ਮਹਾਂ ਯੁਧ,
ਮੌਤ ਕਹਿਰ ਦੇ ਬੁੱਲੇ,
ਬੁਧੀ ਦੇ ਦਿਨ ਵਿਚ ਨ ਦਿਸੇ,
ਅਪਣਾ ਕਿਸੇ ਪਰਾਇਆ।



*Original with:*
Language Department Punjab
*Digitized by:*
Panjab Digital Library

# ਮਰਦ ਤੇ ਔਰਤ

ਆਦਮ ਦੇ ਬੇਟੇ, ਬੱਕਤਾਨ੍ਹਾ,
ਸਾਬਣ ਨੂੰ ਇਉਂ ਲਾਇਆ।
ਤੇਰੀ ਹੀ ਸੰਗਤ ਨੇ ਮੈਨੂੰ,
ਬਹਿਸ਼ਤੋਂ ਬਾਹਰ ਕਢਾਇਆ।
ਅਕ ਬੱਕ ਕੇ ਮੈਂ ਕਿਉਂ ਢਿੱਡ ਭਰਦਾ,
ਜੇ 'ਮੌਲਾ' ਦੀ ਮੰਨਦਾ,
ਤੂੰ ਹੀ ਦੇ ਕੇ ਧੋਖਾਂ ਮੈਨੂੰ,
ਅਰਸ਼ੋਂ ਫਰਸ਼ ਗਿਰਾਇਆ।

# ਉੱਤਰ

ਨੈਨੀਂ ਨੀਰ ਭਰੇ, ਤਦ ਬੋਲੀ,
ਸੁਣ ਹਵਾ ਦੀ ਜਾਈ।
ਹੱਥੀਂ ਜਿਹੜੀ ਦਿੱਤੀ ਸੀ ਗੰਢ,
ਦੰਦੀ ਖੋਲਣ ਆਈ।
ਇਕ ਦਿਨ ਦੇ ਕੇ ਧੋਖਾ ਮੈਂ ਤਾਂ,
ਨਿਤ ਨਿਤ ਧੋਖਾ ਖਾਧਾ,
ਤਨ ਮਨ ਦੇ, ਤੇਰੀ ਹੋ ਰਹੀਆਂ,
(ਪਰ) ਤੂੰ ਰਹਿਓਂ ਹਰ ਜਾਈ।



*Original with:*
Language Department Punjab
*Digitized by:*
Panjab Digital Library

## ਚਤਰ ਗਾਫਲ

ਘੜੀ ਤਾਈਂ ਇਕ ਰਾਤੀ ਕਿਹਾ,
"ਟਿਕ ਟਿਕ ਕਾਹਦੀ ਲਾਈ।
ਰਾਤ ਪਈ ਚੁਪ ਹੋਈ ਦੁਨੀਆ,
ਤੈਨੂੰ ਨਾ ਚੁਪ ਆਈ।
ਮੈਂ ਜਾਣਾ ਜੋ ਮੇਰੀ ਮੰਜ਼ਲ,
ਜਿਥੇ ਓੜਕ ਜਾਣਾ,
ਬੇ ਅਰਥੀ ਬੇ ਲੋੜੀ ਤੂੰ ਕਿਉਂ,
ਜਾਵੇ ਡੰਫ ਮਚਾਈ।"

## ਉੱਤਰ

ਉਨ੍ਹ ਕਿਹਾ "ਮੈਂ ਸੁੱਤਿਆਂ ਤਾਈ,
ਨਾ ਹਾਂ ਮੂਲ ਜਗਾਂਦੀ।
ਜਾਗੇ ਘੇਸ ਜੋ ਮਾਰੀ ਬੈਠੇ,
ਉਨ੍ਹਾਂ ਟੂੰਬ ਉਠਾਂਦੀ।
ਜਾਣ, ਜਿਹੜੇ ਅੰਞਾਨ ਬਣੇ ਨੇ,
ਸੁਣਿਆਂ ਜੋ ਨਹੀਂ ਸੁਣਦੇ,
ਚਤੁਰ ਗਾਫਲਾਂ ਤਾਂਈਂ ਮੈਂ ਹਾਂ,
ਗੁੱਝੀ ਰਮਜ਼ ਸੁਝਾਂਦੀ।"



Original with:
Language Department Punjab
Digitized by:
Panjab Digital Library

# ਕਰਜ਼ਨ ਫੈਸ਼ਨ

ਰਾਤ ਦਿਨੇ ਹੱਟੀ ਵਿਚ ਘਾਟਾ,
ਜਾਂ ਬਾਣੀਏ ਤਕ ਪਾਇਆ।
ਸੌਦਾ ਪੱਤਾ ਨਵਾਂ ਕਰਨ ਤੋਂ,
ਉਸ ਨੇ ਹੱਥ ਖਿਸਕਾਇਆ।
ਪਰ ਗਾਹਕ ਨ ਹਟੇ ਪੁਰਾਣੇ,
ਘੜੀ ਮੁੜੀ ਜਿੰਦ ਖਾਵਣ,
ਅੱਕ ਕੇ ਉਨ ਹੱਟੀ ਦਾ ਫੱਟਾ,
ਲਾਹ ਕੇ ਪਰੇ ਵਗਾਇਆ।

——0——

ਪੱਛਮ ਦੀ ਜਦ ਚਲੀ ਹਨੇਰੀ,
ਉਲਟਾ ਚੱਕਰ ਫਿਰਾਇਆ।
ਮੇਹਰ-ਮੁਹੱਬਤ; ਬਚਣ-ਪਾਲਣਾ,
ਮਰਦਾਂ ਮਨੋਂ ਭੁਲਾਇਆਂ।
ਮਰਦ ਕਹੇ, ਜੇ ਬਚਨ ਨ ਪਾਲਣ,
ਨਾਰਾਂ ਤਾਹਨੇ ਮਾਰੇ,
ਮਰਦਾਂ ਅੱਕ ਮਰਦਊ ਦਾ ਮੂੰਹ ਤੋਂ,
ਫੱਟਾ ਹੀ ਚੁੱਕ ਲਾਹਿਆ।

*Original with:*
Language Department Punjab
*Digitized by:*
Panjab Digital Library

# ਰਮਜ਼

ਇਕ ਦਿਨ ਕਿਹਾ ਫਵਾਰੇ ਤਾਈਂ,
ਮੈਂ ਸੁਣ ਸੁਹਣੇ ਮਾਹੀ।
ਅੰਬਰ ਵਲ ਚੜ੍ਹਦਾ ਸੈਂ ਜਾਂਦਾ,
ਫਿਰ ਕਿਉਂ ਧਰਤ ਤਕਾਈ।
ਉੱਚਾ ਜੀਵਨ, ਅਰਸ਼ੀ ਤਾਂਘਾਂ,
ਚਮਕਾਂ ਵੀ ਖੋ ਬੈਠੋਂ,
ਨਾਲੀ ਦੇ ਵਿਚ ਨੀਵਾਂ ਵਗਿਓਂ,
ਕੀ ਤੇਰੇ ਮਨ ਆਈ।

——0——

ਸਹਿਜ ਨਾਲ ਉਸ ਕਿਹਾ ਸਜਨ ਜੀ,
ਭੇਦ ਤੁਸੀਂ ਨ ਜਾਣੋਂ।
ਜ਼ਾਹਰ ਤੇ, ਹੈ ਨਜ਼ਰ ਤੁਸਾਂ ਦੀ,
ਬਾਤਨ ਨਹੀਂ ਪਛਾਣੋਂ।
ਨੀਲਾ ਅੰਬਰ ਤਕ ਸਾਂ ਉਡਿਆ,
ਜਾਤਾ ਸਾਗਰ ਜਾਨੀ,
ਚੰਦ੍ਰਮਾ ਦੇ ਜੋਬਨ ਉਤੇ,
ਰੀਝ ਚੜ੍ਹਨ ਮਨ ਮਾਣੋ।



Original with:
Language Department Punjab
Digitized by:
Panjab Digital Library

ਉਚਾ ਉਠਿਆ ਚਮਕਾਂ ਆਈਆਂ,
ਪਰ ਇਸ਼ਕੇ ਇਉਂ ਕਹਿਆ।
ਅੰਬਰ ਨੂੰ ਸਾਗਰ ਕਰ ਤਕੇਂ,
ਭੇਦ ਨ ਭੋਲੇ ਲਹਿਆ।
ਚੰਨ ਛਡ ਅਪਣਾ 'ਚੰਨ' ਤੇ ਭੁਲਿਓਂ ?
ਮੈਂ ਸੁਣ ਕੇ ਮਨ ਧਾਰੀ,
'ਪ੍ਰੀਤਮ ਜਦੋਂ ਨਿਵਾਣੀਂ ਵੱਸਦੇ,
ਫਿਰ ਉਚੇ ਕੰਮ ਕੇਹਾ ?'

—0—

ਸੁਣ ਦੇ ਸਾਰ ਮਿਰੇ ਮਨ ਆਈ,
ਹੈ ਇਹ ਭਾਵੇਂ ਪਾਣੀ।
ਬੰਦੇ ਕੋਲੋਂ ਤਾਂ ਇਹ ਚੰਗਾ,
ਜਿਸ ਨੇ ਰਮਜ਼ ਪਛਾਣੀ।
ਮਸਜਦ, ਮੰਦਰ, ਗਿਰਜੇ ਦੇਹੁਰੇ,
ਭੱਜੇ ਜਾਣ ਸੁਦਾਈ,
"ਜਿਤ ਵਲ ਯਾਰ ਤਿਤੇ ਵਲ ਕਿਬਲਾ,"
ਹੈ ਸਚ ਰਮਜ਼ ਰਬਾਣੀ।



*Original with:*
Language Department Punjab
*Digitized by:*
Panjab Digital Library

# ਵਿਤਕਰੇ

ਵਿਤਕਰਿਆਂ 'ਜਗ ਰੋਗੀ ਕੀਤਾ,
ਆਫਰਿਆ ਕੋਈ ਭੁੱਖਾ।
ਚੋਪੜੀਆਂ ਨ ਪਚਣ ਕਿਸੇ ਨੂੰ,
ਮਿਲੇ ਨ ਟੁਕਰ ਰੁੱਖਾ।
ਅਕਿਆ ਮਾਨੁੱਖ ਇੱਕ ਦੂਜੇਵੇਂ,
ਵਢ ਵਢ ਖਾਵਣ ਪੈਂਦਾ,
ਘੋਰ ਯੁਧ ਤੇ ਮੌਤ, ਮਰਜ਼,
ਚਉ ਤਰਫ ਚੁਪਾਤਾ ਧੁੱਖਾ।

———o———

ਕਿਰਤ ਕਮਾਈ ਕੀਤੀ ਸੀ ਜੋ,
ਜੇ ਰਲ ਕੇ ਵੰਡ ਖਾਂਦੇ।
ਆਫਰਿਆਂ ਨੂੰ ਵਰਤ ਰਖਾ,
ਮੂੰਹ ਭੁੱਖੇ, ਬੁਰਕੀ ਪਾਂਦੇ।
ਕੰਮ ਕਰਦੇ, ਵੰਡ ਛਕਦੇ ਹੋਏ,
ਮਿਲ ਯਾਦ ਸਾਂਈਂ ਨੂੰ ਕਰਦੇ,
ਤਪਦੀ ਦੁਨੀ ਜਹੱਨਮ ਤਾਈ,
ਸੋਹਣਾ ਸੁਰਗ ਬਣਾਂਦੇ।



*Original with:*
Language Department Punjab
*Digitized by:*
Panjab Digital Library

## ਮੈਂ ਤੇ ਰੇਡੀਓ

'ਰੇਡੀਓ' ਨੂੰ ਮੈਂ ਤੱਕ ਕੇ ਕਿਹਾ,
ਵਾਹ ਤੇਰੀ ਜਿੰਦਗਾਨੀ।
ਬਿਨ ਤਾਰੋਂ ਤੂੰ ਛਿਨ ਵਿਚ ਸੁਣਾਂਦਾ,
ਚਹੁੰ ਕੂਟਾਂ ਦੀ ਬਾਣੀ।
ਮੈਂ ਸੁਣ ਸਕਾਂ ਦੋ ਫਰਲਾਂਗੋਂ,
ਕੋਈ ਜੇ ਸੰਘ ਪਾੜੇ,
ਬਿਨ ਸੁਣਿਆਂ ਮੈਂ ਜਿਹੇ ਕਈਆਂ ਦੀ,
ਐਵੇਂ ਅਉਧ ਵਿਹਾਣੀ।

## ਉੱਤਰ

ਉਨ ਕਿਹਾ ਜੇ ਮੇਰੀ ਛਾਤੀ,
ਮਾਨੁੱਖ ਦਾ ਦਿਲ ਹੁੰਦਾ।
ਕੁਛ ਕਹਿੰਦਾ ਕੁਝ ਸੁਣਦਾ ਮੈਂ ਭੀ,
ਨਿਰਾ ਨ ਰਹਿੰਦਾ ਸੁਣਦਾ।
ਮੇਰੇ ਵਾਂਗਰ ਤੂੰ ਭੀ ਜੇਕਰ,
ਨਿਜ-ਕੇਂਦਰ ਜੁੜ ਜਾਂਦੇ,
ਅਰਸ਼ੀ ਅਗਮ, ਇਲਾਹੀ ਗਾਣਾ,
ਨਿਤ ਤੇਰੇ ਵਿਚ ਹੂੰਦਾ।



*Original with:*
Language Department Punjab
*Digitized by:*
Panjab Digital Library

# ਸੂਮ-ਸ਼ਾਹੂਕਾਰ

ਸੁਪਨੇ ਵਿਚ ਇਕ ਸ਼ਾਹੂਕਾਰ ਨੂੰ,
ਬਾਮਣ ਨੇ ਇਉਂ ਕਹਿਆ।
'ਰਾਜੀ ਰਹੁ ਜਜਮਾਨ ! ਸਦਾ ਹੀ,
ਜਗ-ਮਾਤਾ ਦੀ ਮਇਆ।'
ਭਾਗਾ ਨਾਲ ਖੜਾਕਾ ਹੋਇਆ,
ਸ਼ਾਹ ਜੀ ਦੀ ਅੱਖ ਖੁੱਲ੍ਹੀ,
ਹੋ ਕਿਰਪਾਲੂ ਪੰਡਤ ਜੀ ਨੂੰ,
ਲਗਾ ਦੇਣ ਰੁਪਈਆ।

—0—

ਬਰ ਬਰ ਉਹ ਕੰਬੇ ਤੇ ਆਖੇ,
ਮੇਹਰ ਰਾਮ ਦੀ ਹੋਈ।
ਆ ਬਹੁੜੇ ਔਕੜ ਵਿਚ ਹਰਿ ਜੀ,
ਦੀ ਸਬੰਧ ਹਨ ਜੋਈ।
ਭਲਾ ਹੋਇਆ ਅੱਖ ਖੁਲ੍ਹੀ ਮੇਰੀ,
ਨਕਦ ਰੁਪੈਯਾ ਬਚਿਆ,
ਜੇ ਜਾਂਦਾ ਮੁੜ ਹਥ ਨਾ ਆਂਦਾ,
ਪੇਸ਼ ਨ ਜਾਂਦੀ ਕੋਈ।



*Original with:*
Language Department Punjab
*Digitized by:*
Panjab Digital Library

# ਗੋਬਿੰਦ ਘਾਟ

ਗੋਬਿੰਦ-ਘਾਟ ਗੰਗਾ ਨੂੰ ਕਿਹਾ:
ਰਾਮ ਕਰੇ ਸੁਖ ਵੱਸੇਂ;
ਪ੍ਰੀਤਮ ਦੀ ਧਰਤੀ ਨੂੰ ਛੋਹਵੇਂ
ਪਰ ਗਾਵੇਂ ਨਾ ਹੱਸੇਂ।
ਟੁਰੇਂ ਨਿਰਾਸੀ ਹੋਇ ਚੁਪੀਤੀ,
ਮੱਥੇ ਤੇ ਵਟ ਪਾਏ,
ਕਿਸ ਵੇਦਨ, ਕਿਸ ਦਰਦ ਰੰਵਾਣੀ,
ਭੇਦ ਕਿਸੇ ਨਾ ਦੱਸੇਂ।

———o———

ਉਨ ਕਿਹਾ : ਕੀ ਦੱਸਾਂ ਬੀਬਾ !
ਕਿਹੜੇ ਵਹਿਣ ਵਹੀ ਹਾਂ।
ਜੋ ਆਵੇ ਉਹੋ ਕੁਝ ਮੰਗੇ,
ਦੇ ਦੇ ਹਾਰ ਗਈ ਹਾਂ।
ਦੇਣ ਹਾਰ ਇਕ ਵਾਰ ਗਏ 'ਜਹੇ,
ਫਿਰ ਨਹੀਂ ਫੇਰਾ ਪਾਇਆ।
ਕਦ ਆਵਣ ਕੁਛ ਮੈਂ ਵੀ ਮੰਗਾਂ,
ਨਿਸ ਦਿਨ ਤਾਂਘ ਰਹੀ ਹਾਂ।

*Original with:*
Language Department Punjab
*Digitized by:*
Panjab Digital Library

## ਪੁਜਾਰੀ

ਪਿਟ ਪਿਟ ਕੇ ਇਉਂ ਕਿਹਾ ਪੁਜਾਰੀ,
"ਹੇ ਪ੍ਰਭ ਜੀ ਕੀ ਬਣਿਆ।
ਜਿਧਰ ਤਕਾਂ 'ਨਾਸਤਕਾ' ਦਾ,
ਹੈ ਅਜ ਤਾਣਾ ਤਣਿਆ।
ਤੇਰੀ ਭਗਤੀ ਲੋਕਾਂ ਛੱਡੀ,
ਜਪ, ਤਪ, ਸੰਜਮ ਰਿਹਾ,
'ਮਾਇਆ' ਹੀ 'ਮਾਇਆ' ਜਗ ਕੂਕੇ,
'ਚਮ-ਦਮ' ਹੀ ਮਨ ਗਣਿਆ।"

## ਪ੍ਰਭੂ

ਪ੍ਰਭੂ ਕਿਹਾ, "ਪਹਿਲਾਂ ਬੁਤ ਤੂੰਹਿਓ,
ਸੋਨੇ ਦਾ ਬਨਵਾਇਆ।
ਨੀਲਮ ਲਾਲ ਜਵਾਹਰੀ ਜੜਿਆ,
ਮੋਤੀਆਂ ਨਾਲ ਸਜਾਇਆ।
ਸੰਗ ਮਰਮਰ ਦੇ ਮਦਰ ਤੇਰੇ,
ਬਰਤਨ ਸੋਨੇ ਚਾਂਦੀ,
'ਮਾਇਆ' ਚਾਰ ਚੁਫੇਰੇ ਮੂਰਖ,
ਲੋੜੇ ਰਬ ਪੁਜਵਾਇਆ।



Original with:
Language Department Punjab
Digitized by:
Panjab Digital Library

# ਭੌਂਵਰੇ ਤੇ ਕਲੀ

ਫੁੱਲਾਂ ਦੀ ਮਜਲਿਸ ਵਿਚ ਇਕ ਦਿਨ,
ਇੱਕ ਕਲੀ ਇਉਂ ਬੋਲੀ:
ਸੁਹਣਿਆਂ ਨੂੰ ਸੋਹਣਿਆਂ ਦੇ ਨਾਲੇ
ਵਾਜਬ ਬੁਕਲ ਖੋਲ੍ਹੀ।
ਤੱਕਣ ਦਰਸ ਦਿਖਾਵਣ ਅਪਣਾ,
ਰਸ- ਮਾਣਨ ਰਸ ਦੇਵਣ,
ਮਿਲਣ ਗ਼ਲੇ ਗਲਵੱਕੜੀਆਂ ਪਾ,
ਰਲ ਮਿਲਣ ਖੇਹਲਣ ਹੋਲੀ।

———o———

ਭੌਂਵਰ ਕਿਹਾ ਸੁਣਕੇ ਤਦ ਸਹਿਜੇ,
ਇਸ ਰਾਹ ਤੇ ਜੇ ਜਾਸੋ,
ਸੋਹਨੇ ਬਣ ਸੋਹਣਿਆਂ ਦੇ ਨਾਲੇ,
ਜੋਬਨ ਰਾਸ ਵਟਾਸੋ।
ਮੈਂ ਜੇਹੇ ਮਾਂਗਤ ਨੂੰ ਜੇਕਰ,
ਹੁਸਨ ਜ਼ਕਾਤ ਨਾ ਦੇਸੋ,
ਪਰੀਤ ਨਗਰ ਦੇ ਬਾਦਸ਼ਾਹ ਨਹੀਂ,
ਬਣੀਏ ਤਦੋਂ ਸਦਾਸੋ।



*Original with:*
Language Department Punjab
*Digitized by:*
Panjab Digital Library

## ਅਚੰਭਾ

ਜਗ ਦੀ ਰਚਨਾ ਅਜਬ ਬਨਾਈ,
ਬਹਿ ਘੁਮਿਆਰ ਅਜਲ ਦੇ।
ਫੁੱਲ ਕੰਡੇ ਇਕ ਡਾਲੀ 'ਚੋਂ ਜਿਉਂ,
ਤਿਉਂ ਅਚਰਜ ਇਹ ਗੱਲ ਏ।
ਪਾਪ ਪੁਨ ਅੱਡ ਅੱਡ ਦਿਸ ਆਵਨ,
ਪਰ ਪੁੱਤ੍ਰ ਇਕ ਕੁਲ ਦੇ।
ਉਹਲੇ ਵਿਚਿ ਕੀਤੇ ਹੀ ਚੰਗੇ,
ਵਿਚ ਇਕਾਂਤੀ ਠਲਦੇ।

——0——

ਲੋਹੇ ਨੂੰ ਦਿਨ ਪਹਿਲੇ ਤੱਕਿਆ,
ਚਮਕ ਪੱਥਰ ਵਲ ਜਾਂਦਾ।
ਵਾਹ ਵਾਹ ਸ਼ੋਕ ਤੇਰਾ ਜਗ ਕਿਹਾ,
ਜੋ ਨਿਰਜੀਵ ਜਵਾਂਦਾ।
ਲੋਹੇ ਕਿਹਾ ਲੋਕੋ ਨਾ ਭਰਮੋਂ,
ਮੈਂ ਵਿਚ ਸ਼ਕਤ ਨਾ ਕਾਈ,
ਚਮਕ ਪੱਥਰ ਦਾ ਤਾਨ ਤੇਜ ਇਹ,
ਮੈਂ ਦੇਂਦਾ ਖਿੱਚ ਪਾਂਦਾ।



*Original with:*
Language Department Punjab
*Digitized by:*
Panjab Digital Library

## ਪਟਨਾ

ਪਟਨਾ ਤਕ ਮੈਂ ਕਿਹਾ ਸੰਗੀਆਂ,
ਇਹ ਹੈ ਵਸਤੀ ਕਾਹਦੀ ?
ਖੰਡਰ ਮਹਿਲ ਡਰਾਉਣੇ ਢੱਠੇ,
ਚਾਰ ਤਰਫ ਬਰਬਾਦੀ ।
ਇੱਟਾਂ ਦੇ ਇਕ ਢੇਰ ਵਿੱਚੋਂ ਤਦ,
ਦਰਦ ਭਰੀ ਸਦ ਆਈ,
ਜਿੰਨ੍ਹਾਂ ਦੇ ਮਾਹੀ ਹੋਏ ਰਾਹੀ,
ਉਸ ਘਰ ਕਿਹੀ ਅਬਾਦੀ ।

## ਨਾ ਡਰ

ਦੋ ਦਿਨ ਵਾਜਬ ਨਹੀਂ ਚਾਤਰ ਨੂੰ,
ਮੌਤ ਕੋਲੋਂ ਰਾਮ ਖਾਵੇ:
ਇਕ ਜਿਸ ਦਿਨ ਉਹ ਸਿਰ ਤੇ ਪਹੁੰਚੇ,
ਇਕ ਜਿਸ ਦਿਨ ਨਾ ਆਵੇ ।
ਜਿਸ ਦਿਨ ਆਵੇ ਨਾਲ ਲਿਜਾਵੇ,
ਡਰਿਆਂ ਛੋੜ ਨਾ ਜਾਂਦੀ,
ਨਾ ਆਵੇ ਤਾਂ ਅਲਾਹ ਤਾਂ ਨਹੀਂ,
ਜਿਸ ਜਿਸ ਬ੍ਰਿਧ ਪਕਾਵੇ ।



*Original with:*
Language Department Punjab
*Digitized by:*
Panjab Digital Library

# ਅੰਦਰ ਝਾਤ

ਖ਼ਾਲਸ ਖ਼ੂਨ ਖ਼ੁਦੀ ਦਾ ਪੀਣਾ,
ਏਦੋਂ ਪਰੇ ਸ਼ਰਾਬ ਨਹੀਂ।
ਭੁਨ ਖਾਂ ਬ੍ਰਿਹੋਂ ਨਾਲ ਜਿਗਰ ਨੂੰ,
ਇਸ ਤੋਂ ਵੱਧ ਕਬਾਬ ਨਹੀਂ।
ਸੁਣ ਸੁਣ ਮਸਲੇ ਪੜ੍ਹ ਕਿਤਾਬਾਂ,
ਅੱਲਾ ਮੂਲ ਨ ਲੱਭੇ ਈ,
ਫੋਲੀਂ ਕਦੇ ਕੁਰਾਨ ਦਿਲੇ ਦਾ,
ਏਦੂੰ ਪਰੇ ਕਿਤਾਬ ਨਹੀਂ।

# ਅਲਾਜ

ਜਾ ਰੁੰਨਾ ਮੈਂ ਪਾਸ ਤਬੀਬਾਂ,
ਅਪਨੇ ਦਰਦ ਨਿਹਾਨੀ ਥੀ।
ਆਖਾਨ ਬਾਝੋਂ ਯਾਰ ਨਾ ਲੈਣਾ,
ਹੋਰਸ ਨਾਮ ਜ਼ਬਾਨੀ ਥੀ।
ਕੀ ਖਾਵਾਂ ਕੀ ਪੀਵਾਂ ਭਲਿਓ,
ਬੋਲੇ ਖ਼ੂਨ ਜਿਗਰ ਦਾ ਪੀ,
ਜਾਂ ਪੁੱਛਾਂ ਪ੍ਰੇਹੇਜ਼ ਕੋਈ ਉਹ,
ਦੱਸਣ ਦੋਹੀਂ ਜਹਾਨੀਂ ਥੀ।



*Original with:*
Language Department Punjab
*Digitized by:*
Panjab Digital Library

# ਨਿਹੋਰਾ

ਖਿਲੀ ਚੰਬੇਲੀ ਹੋ ਅਲਬੇਲੀ,
ਹਸ ਹਸ ਚਾਂਘੀਂ ਮਾਰੇ।
ਸਾਨੀ ਸੁੰਦਰ ਰੂਪ ਮੇਰੇ ਦਾ,
ਹੋਰੰ ਨਹੀਂ ਜਗਿ ਸਾਰੇ।
ਭਵਰ ਕਿਹਾ: ਸੁਣ ਜਾਨੀ ਮੈਂਡੇ,
ਉਚੇ ਬੋਲ ਨਾ ਬੋਲੇ,
ਕੀ ਖਿਲਨਾ ਤੇ ਕੀ ਖੁਸ਼ ਹੋਣਾ,
ਜੋਬਨ ਚਾਰ ਦਿਹਾੜੇ।

——0——

ਮਨ ਕਾਲੇ ਤਨ ਕਾਲੇ ਭਵਰੇ,
ਮੁਖ ਪੀਲੇ ਕੀ ਬੋਲੇ।
ਲਬ੍ਰ ਲਬ ਜਾਮ ਖੁਸ਼ੀ ਦਾ ਭਰਿਆ,
ਵਿਚ ਪਿਆ ਵਿਹੁ ਘੋਲੇ।
ਕਿਉਂ ਗੁੱਸੇ ਹੋ ਮੈਂ ਸੱਚ ਕਿਹਾ,
ਹਾਂ ਸੁਣਿਆ ਸਚ ਤੇਰਾ,
ਮੌਤ ਮਸ਼ੂਕਾਂ ਦੀ ਹੋ ਆਸ਼ਕ,
ਕਿਵੇਂ ਪਿਆ ਮਨ ਤੋਲੇ।



*Original with:*
Language Department Punjab
*Digitized by:*
Panjab Digital Library

# ਗੋਲੇ ਦਾ ਗੋਲਾ

ਪੂਰਬ ਦੇ ਇਕ ਰੋਜ਼ ਮੁਜ਼ਾਰੇ ਨੂੰ,
ਮੈਂ ਸੀ ਇਮ ਕਿਹਾ:
ਚਾਰ ਕੂੰਟ ਸਰ ਸਬਜ਼ ਨਹੀਂ,
ਕੁਈ ਦੇਸ ਤੁਹਾਡੇ ਜਿਹਾ।
ਉਚੀਆਂ ਇੱਖਾਂ ਫਸਲ ਸੁਹਾਉਣੇ,
ਬੂਟੇ ਬਾਗ ਬਹਾਰਾਂ,
ਫਿਰ ਤੇਰੇ ਮੁਖ ਖੇੜਾ ਕਿਉਂ ਨਹੀਂ,
ਦਿੱਸੇਂ ਮਰੀਅਲ ਜਿਹਾ?

——o——

ਸਹਿਜ ਨਾਲ ਭਰ ਹੌਕਾ ਉਸਨੇ,
ਮੈਨੂੰ ਕਿਹਾ ਸੁਣਾਈ:
ਗੋਲਿਆਂ ਦੇ ਮੁਖ ਖੇੜੇ, ਬਿਧ ਨੇ
ਇਹ ਨਹੀਂ ਬਣਤ ਬਣਾਈ।
ਮੈਂ ਤਾਂ ਫਿਰ ਗੋਲਿਆਂ ਦਾ ਗੋਲਾ,
ਜਿਉਂ ਬਹੁ ਪੁਰਖੀ ਨਾਰੀ,
ਮੇਰੇ ਮੁਖ ਤੇ ਖੇੜੇ ਲੋੜੇ,
ਕੀ ਤੇਰੇ ਮਨ ਆਈ?



*Original with:*
Language Department Punjab
*Digitized by:*
Panjab Digital Library

# ਪ੍ਰੀਤ ਦੇ ਰਾਹ

ਪ੍ਰੀਤ ਪੰਥ ਦੇ ਰਾਹ ਬਿਖਮ ਨੂੰ,
ਸੋ ਜਾਨਣ ਜੋ ਤੁਰੀਆਂ।
ਡੂਗਰ ਵਣ ਕੰਡਿਆਲੇ ਰਾਹ ਵਿਚ,
ਸੂਲਾਂ ਪੇਰੀਂ ਕੁੜੀਆਂ।
ਸੂਕਣ ਨਾਗ ਡਕਾਰਨ ਚੀਤੇ,
ਕਦਮ ਕਦਮ ਭੈ ਲੱਗੇ,
ਪਰ ਕੋਈ ਖਿੱਚ ਅਵੱਲੀ ਇਸ ਵਿਚ,
ਜੋ ਤੁਰੀਆਂ ਨਹੀਂ ਮੁੜੀਆਂ।

# ਸਾਧਕ ਨੂੰ

ਮਾਹੀ ਦੇ ਰਾਹੀ ਸੁਣ ਮੇਰੀ,
ਜੇ ਪ੍ਰੀਤ ਦੀ ਰੀਤ ਨਿਭਾਣੀ ਏ।
ਜੇ ਉਸ ਡੰਡੀ ਤੇ ਤੁਰਨਾ ਏ,
ਫਰਸ਼ੋਂ ਜੋ ਅਰਸ਼ੀਂ ਜਾਣੀ ਏ।
ਮੋਤੀ ਦੇ ਮੰਦਰ ਆਵਣਗੇ,
ਰਤਨਾਂ ਦੇ ਨਾਲ ਜੜੇ ਨੇ ਜੋ।
ਉਹਨਾਂ ਨੇ ਖਿਚਾਂ ਪਾ ਪਾ ਕੇ,
ਜਦ ਵਾਟ ਤੇਰੀ ਅਟਕਾਣੀ ਏ।



*Original with:*
Language Department Punjab
*Digitized by:*
Panjab Digital Library

# ਅਗੰਮੀ ਭੇਦ

ਜਾਂ ਸਮਝਣ ਤਾਂ ਸਮਝ ਆਇ,
ਕਿ ਸਮਝ ਅਜੇ ਨਹੀਂ ਆਈ।
ਵਾਟ ਤੁਰਨ ਹਰ ਮੰਜ਼ਲ,
ਮੰਜ਼ਲ ਪਰੇ ਪਰੇ ਹਟ ਜਾਈ।
ਰਿਸ਼ੀ ਮੁਨੀ ਵਗਿਆਨਕ ਆਲਮ,
ਵਲੀ ਗੌਂਸ ਲੱਖ ਥੱਕੇ,
ਪਰ ਇਸ ਭੇਦ ਅਗੰਮੀ ਦੀ,
ਗੱਠ ਖੋਲ੍ਹ ਨਾ ਕਿਨੇ ਦਿਖਾਈ।

——0——

ਜੇ ਦਿਲ ਨੂੰ ਦਿਲ ਕੀਤਾ ਲੋੜੇਂ,
ਦਿਲਬਰ ਦੇ ਦਰ ਢਹਿ ਤੂੰ।
ਮਿਹਰ ਮਾਹੀ ਦੀ ਜੇਕਰ ਮੰਗੇ,
ਮਾਨ ਮਹੱਤ ਛੱਡ ਰਹਿ ਤੂੰ।
ਕੀ ਮੰਦਰ ਕੀ ਮਸਜਦ ਅੰਦਰ,
ਕੀ ਕਾਂਸ਼ੀ ਕੀ ਕਾਅਬਾ,
ਜਿਥੇ ਵੀ ਬਣ ਆਇ ਬੈਠ ਪਰ
ਤਾਂਘ ਸਜਨ ਵਿਚ ਬਹਿ ਤੂੰ।



Original with:
Language Department Punjab
Digitized by:
Panjab Digital Library

# ਪਤਾਸੇ ਨਾਲ ਖੰਡਾ

ਗੁਲਾਬ ਕੋਲ ਦੀ ਲੰਘਣ ਲਗੇ,
ਮੈਨੂੰ ਕੰਡਾ ਚੁਭਿਆ।
ਖ਼ੂਨ ਵਿਹਾ ਤੇ ਜਲਨ ਹੋਈ ਬਹੁ,
ਡੂੰਘਾ ਸੀ ਠਾਂਹ ਖੁਭਿਆ।
ਦਰਦਾਂ ਦੀ ਲੱਜ਼ਤ ਦਾ ਮਹਿ ਸਾਂ,
ਪਰ ਠੋਕਰ ਖਾਧੀ,
ਤਿਊੜੀ ਪਾ ਫੁਲ ਨੂੰ ਇਉਂ ਕਹਿਆ,
ਸੁਣ ਪਾਪੀ ਮਨ ਗੁਝਿਆ।

———o———

ਕੋਮਲ ਸੁਹਲ ਸੁਹਪੱਣ ਵਾਲੇ,
ਬੁੱਕਲ ਵਿਚ ਕਿਉਂ ਕੰਡਾ।
ਮਹਿਬੂਬਾਂ ਦੇ ਹਥ ਕੋਮਲ ਵਿੱਚ,
ਮੂਲ ਨਾ ਫਬਦਾ ਡੰਡਾ।
'ਹੁਸਨ ਨਾ ਬਾਝ ਹਿਫ਼ਾਜ਼ਤ ਰਹਿੰਦਾ,
ਕੀ ਤੈਨੂੰ ਨਹੀਂ ਚੇਤੇ।
ਨਾਲ ਪਤਾਸ਼ੇ ਘੋਲ ਪਿਲਾਇਆ,
ਮੁਰਸ਼ਦ ਤੇਰੇ ਖੰਡਾ।'



*Original with:*
Language Department Punjab
*Digitized by:*
Panjab Digital Library

# ਮੌਲਾ ਦੀ ਮਿਹਰ

ਰੋਜ਼ ਹਸ਼ਰ ਨੂੰ ਅੱਲਾ ਦੇ ਦਰ,
ਤੇ ਜਾਂ ਰੋਂਦਾ ਜਾਸਾਂ।
ਨੈਣੋਂ ਨੀਰ ਵਹਾਕੇ ਦਿਲ ਦੇ,
ਦਾਗ਼ ਜਾਂ ਧੋਂਦਾ ਜਾਸਾਂ।
ਮਿਹਰਬਾਨ ਹੋਵਣਗੇ ਮੌਲਾ,
ਰਹਿਮਤ ਮੈਂ ਤੇ ਕਰਸਨ,
ਵੇਖ ਫਰਿਸ਼ਤੇ ਤਰਸਣਗੇ,
ਮੈਂ ਖੀਵਾ ਹੋਂਦਾ ਜਾਸਾਂ।

# ਮੰਗ

ਹਥ ਕਾਸਾ ਲੈ ਮੰਗਣ ਆਈ,
ਹੇ ਬਖਸ਼ਿਸ਼ ਦੇ ਸਾਈਂ।
ਕੂੜ ਪ੍ਰੀਤ ਰੀਤ ਨਾ ਪਾਲੇ,
ਜਗ ਦੇ ਵੱਸ ਨਾ ਪਾਈਂ।
ਚਰਨ ਕਵਲ ਤੋਂ ਦਾਤਾ ਤੇਰੇ,
ਲੋਕ ਤਿੰਨੇ ਹੀ ਵਾਰੇ,
ਮਿਹਰ ਕਰੀਂ ਮਿਹਰਾਂ ਦੇ ਮਾਹੀ,
ਚਰਨਾਂ ਵਿੱਚ ਵਸਾਈਂ।



*Original with:*
Language Department Punjab
*Digitized by:*
Panjab Digital Library

# ਰੂਪ ਦੇ ਸੌਦੇ

ਨਵ ਵਿੱਦਿਆ ਨਵ ਜੀਵਨ ਦੇ ਵਿਚ,
ਇਕ ਜੋੜਾ ਸੀ ਢਲਿਆ।
'ਆਜ਼ਾਦੀ ਆਜ਼ਾਦੀ' ਸੁਣ ਸੁਣ,
ਰਾਤ ਦਿਹੈਂ ਜੋ ਪਲਿਆ।
ਚੜ੍ਹੀ ਜਵਾਨੀ ਕਾਂਗ ਜਦੋਂ,
ਦਿਲ ਲੱਗਾ ਉਛਾਲੇ ਮਾਰਨ;
ਬਿਨ ਮਾਪੇ ਪੁੱਛੇ ਆਪਸ ਵਿਚ,
ਰੀਝ ਰੂਪ ਤੇ ਰੁਲਿਆ।

———0———

ਕੁਝ ਦਿਨ ਬੀਤੇ ਰੂਪ ਕਿਆਰੀ.
ਕਿਸੇ ਬੀਮਾਰੀ ਖਾਧੀ।
ਦਿਲ ਖੱਟੇ ਹੋ ਟੁਟੇ ਇਕ ਦਮ,
ਉਧੜ ਗਈ ਸੀ ਸ਼ਾਦੀ।
ਇਕ ਧਿਰ ਕੰਤ ਪਿਆ ਕੁਰਲਾਵੇ,
ਇਕ ਧਿਰ ਨਾਰਿ ਪੁਕਾਰੇ;
ਆਜ਼ਾਦੀ ਸੀ ਜਾਤਾ ਜਿਸ ਨੂੰ,
ਸੀ ਲੋਕਾ ! ਬਰਬਾਦੀ।



*Original with:*
Language Department Punjab
*Digitized by:*
Panjab Digital Library

## ਸੌਦਾ

ਮਹਿਬੂਬਾਂ ਦੇ ਕੂਚੇ ਵਿਚ,
ਸੌਦੇ ਦੀ ਰੀਤ ਨਿਰਾਲੀ।
ਨੈਣਾਂ ਦੇ ਪਾਣੀ ਥੀਂ ਧੋਣੀ,
ਕੁਲ ਮੁਖੜੇ ਦੀ ਲਾਲੀ।
'ਬ੍ਰਿਹੋਂ' ਦੇ ਕੰਡੇ ਤੇ ਚੜ੍ਹਨਾ,
'ਕਹਿਰ' ਕੁਠਾਲੀ ਢਲਣਾ।
ਦਿਲ ਦੇਣਾ, ਦਰਦਾਂ ਦਾ ਲੈਣਾ,
ਭਰਨਾ ਦੀਨ ਦਲਾਲੀ।

## ਝੂਠ

ਜੋ ਜੋ ਕੁਛ ਹੈ, ਜਗ ਤੇ ਉਹਨੂੰ,
ਉਹ ਕੁਛ ਕੋਈ ਨਹੀਂ ਆਂਹਦਾ!
ਜੋ ਕੁਛ ਹੈ ਤੇ ਜੇ ਕੋਈ ਆਖੇ,
ਸੁਣਨਾ ਕੋਈ ਨਹੀਂ ਚਾਹੁੰਦਾ!
ਨਾ ਸਚ ਸੁਣਦਾ ਨਾ ਕੋਈ ਕਹਿੰਦਾ,
ਝੂਠੇ ਝੂਠ ਸਿਖਾਵੇ!
ਤਾਂਹੀਏਂ ਦਰਦਾਂ ਦੁਖਾਂ ਭਰਿਆ,
ਜਗ ਹੈ ਸਮਾਂ ਵਧਾਂਦਾ!



*Original with:*
Language Department Punjab
*Digitized by:*
Panjab Digital Library

*Original with:*
Language Department Punjab
*Digitized by:*
Panjab Digital Library

Original with
Language Department Punjab
Digitized by
Panjab Digital Library

-0546

*Original with:*
Language Department Punjab
*Digitized by:*
Panjab Digital Library

# 'ਸਿਖ ਸਾਹਿਤ ਲਾਇਬ੍ਰੇਰੀ' ਦੀ
## ਛਪ ਰਹੀਆਂ ਪੁਸਤਕਾਂ

੧. **ਮਹਾਂ ਚਾਨਣ**—ਪ੍ਰੋ: ਗੰਗਾ ਸਿੰਘ ਜੀ ਦੇ ੨੦ ਆਲਮ
ਦਾ ਸੰਗ੍ਰਹਿ। ਇਹ ਸਿੱਖ ਧਰਮ ਦੀ
ਹੈ ਜਿਸ ਵਿਚ ਦੀਮਾਗ਼ ਦੀ ਵਿਚਾਰ
ਦੇ ਪਹਿਲੂਆਂ ਨੂੰ ਰੋਸ਼ਨੀ ਵਿਚ ਲਿਆ

੨ **ਗੰਗਾ ਦੇ ਵਹਿਣ**—ਪ੍ਰੋ: ਜੀ ਦੀਆਂ ਲੰਮੀਆਂ ਕਵਿਤ
ਜੋ ਕਿ ਹਾਸ ਰਸ ਤੇ ਸਾਹਿਤਕ
[illegible] ਹੁ।

੩. **ਭਾ: ਗੁਰਦਾਸ ਜੀ ਦੀ ਚੋਣਵੀਂ ਰਚਨਾ**—
ਭਾ: ਗੁਰਦਾਸ ਸਿਖ ਸਾਹਿਤ ਦੇ ਪਹਿਲੇ ਸਿਖੰ ਲਿਖਾ
ਪੁਸਤਕ ਵਿਚ ਉਨ੍ਹਾਂ ਦੀ ਚੋਣਵੀਂ ਰਚਨਾ ਸੰਕਲਤ
ਉਨ੍ਹਾਂ ਦੇ ਜੀਵਨ ਤੇ ਕਵਿਤਾ ਤੇ ਵਿਦ੍ਵਤਾ ਪੂਰਬਕ ਵਿਚ

੪. **ਬਾਬੇ ਨਾਨਕ ਦਾ ਰੂਹਾਨੀ ਸੰਗੀਤ**—
ਗੁਰੂ ਨਾਨਕ ਜੀ ਦੇ ਚੋਣਵੇਂ ਮਿਠੇ ਗੀਤਾਂ ਦੇ ਸੰਗ੍ਰਹਿ
ਨਾਲ ਖੁਸ਼ ਨਾ ਹੋਏ ਜੀਵਾਂ ਵਿਚ ਅੱਜ ਵੀ ਜੀਵਨ ਰ
ਸਹਾਇਕ ਹੋ ਸਕਦਾ ਹੈ।

[ਐਡੀਟਰ ਪਿਆਰਾ

*Original with:*
Language Department Punjab
*Digitized by:*
Panjab Digital Library